# ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ

ਭਾਈ ਸਾਹਿਬ ਭਾਈ ਵੀਰ ਸਿੰਘ

Sri Satguru Jagjit Singh Ji eLibrary NamdhariElibrary@gmail.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ

(ਪੰਜਾਬੀ ਦਾ ਸਰੂਪ)

ਭਾਈ ਵੀਰ ਸਿੰਘ

**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110001

Sri Satguru Jagjit Singh Ji eLibrary NamdhariElibrary@gmail.com

## ਛਪਾਈ ਦਾ ਵੇਰਵਾ

| | |
|---|---|
| ਪਹਿਲੀ ਵਾਰ | ਦਸੰਬਰ, 1916 |
| ਦੂਜੀ ਵਾਰ | ਨਵੰਬਰ, 1925 |
| ਤੀਜੀ ਵਾਰ | ਦਸੰਬਰ, 1928 |
| ਚੌਥੀ ਵਾਰ | ਨਵੰਬਰ, 1931 |
| ਪੰਜਵੀਂ ਵਾਰ | ਅਗਸਤ, 1951 |
| ਛੇਵੀਂ ਵਾਰ | ਜੁਲਾਈ, 1972 |
| ਸਤਵੀਂ ਵਾਰ | ਅਗਸਤ, 1985 |
| ਅੱਠਵੀਂ ਵਾਰ | ਸਤੰਬਰ, 2010 |

**Bharthari Hari Jeewan te Neeti Shatak (Punjabi Sarup)**
*Bhai Vir Singh*

ISBN : 978-93-80854-16-8
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਅੱਠਵੀਂ ਛਾਪ ਸਤੰਬਰ, 2010

**ਪ੍ਰਕਾਸ਼ਕ :**
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer***
Printograph
2966/41, Beadon Pura
Karol Bagh, New Delhi-110 005

ਮੁੱਲ : 40/- ਰੁਪਏ

Sri Satguru Jagjit Singh Ji eLibrary NamdhariElibrary@gmail.com

# ਤਤਕਰਾ


| | ਸਿਰਲੇਖ | | ਪੰਨਾ |
|---|---|---|---|
| | ਭੂਮਕਾ | | 1 |
| 1. | **ਪਰੰਪਰਾ ਦਾ ਭਰਥਰੀ** | | **3** |
| | ੳ. | ਵੈਰਾਗ ਦਾ ਕਾਰਨ | 3 |
| | ਅ. | ਵੈਰਾਗ ਦੀ ਤੀਬ੍ਰਤਾ | 5 |
| | ੲ. | ਫਿਰ ਫਿਰ ਪਛਤਾਵੇ | 6 |
| | ਸ. | ਭੁੱਖ ਤ੍ਰੇਹ ਨੂੰ ਜਿਤਨਾ | 6 |
| | ਹ. | ਨਾਟਕ ਵਿਚ ਭਰਥਰੀ ਦੀ ਵੈਰਾਗ ਕਥਾ | 7 |
| | ਕ. | ਪੰਜਾਬੀ ਦੇ ਗੀਤਾਂ ਵਿਚ ਭਰਥਰੀ | 10 |
| | ਖ. | ਰਾਜਸਥਾਨ ਵਿਚ ਭਰਥਰੀ | 26 |
| | ਗ. | ਹੋਰ ਕਥਾਂ | 27 |
| 2. | **ਇਤਿਹਾਸ ਵਿਚ ਭਰਥਰੀ** | | **29** |
| | ੳ. | ਬਿਕ੍ਰਮਾਦਿਤ | 29 |
| | ਅ. | ਬਿਕ੍ਰਮਾਦਿਤ ਤੇ ਭਰਥਰੀ ਹਰੀ | 32 |
| | ੲ. | ਸ਼ਿਲਾਦਿੱਤਯ-2 | 33 |
| 3. | **ਸਿੱਧਾਂਤ** | | **38** |
| | ੳ. | ਪਰੰਪਰਾ ਤੋਂ ਕੀ ਲਭਦਾ ਹੈ? | 38 |
| | ਅ. | ਇਤਿਹਾਸਕ ਖੋਜ ਤੋਂ ਕੀ ਲਭਦਾ ਹੈ? | 39 |
| | ੲ. | ਸਾਹਿਤਯ ਦੇ ਚਿਤ੍ਰਸ਼ਾਲ ਵਿਚ ਭਰਥਰੀ | 40 |


Sri Satguru Jagjit Singh Ji eLibrary NamdhariElibrary@gmail.com

## ਨੀਤੀ ਸ਼ਤਕ


| | |
|---|---|
| ਮੰਗਲਾਚਰਨ | 45 |
| ਮੂਰਖ ਨਿੰਦਾ | 45 |
| ਵਿਦਵਤਾ ਦੀ ਪ੍ਰਸ਼ੰਸਾ | 50 |
| ਬੀਰਤਾ ਤੇ ਸ੍ਵੈਸਤ੍ਰਿਕਾਰ ਪ੍ਰਸ਼ੰਸਾ | 55 |
| ਦੌਲਤ ਆਦਿ | 59 |
| ਸੰਤੋਖ | 64 |
| ਦੁਰਜਨ ਨਿੰਦਾ | 68 |
| ਸਜਨ ਪ੍ਰਸ਼ੰਸਾ | 69 |
| ਪਰਉਪਕਾਰ | 72 |
| ਧੀਰਜ | 77 |
| ਦੈਵ ਪ੍ਰਸ਼ੰਸਾ | 80 |
| ਕਰਮ ਪ੍ਰਸ਼ੰਸਾ | 82 |
| ਰਲੇ ਮਿਲੇ | 86 |

# ਭੂਮਿਕਾ

**ਭਰਥਰੀ** ਹਰੀ ਦਾ ਨਾਮ ਹਿੰਦੁਸਤਾਨ ਵਿਚ ਇਕ ਪ੍ਰਸਿਧ ਨਾਮ ਹੈ। ਸੰਨਯਾਸੀ, ਪੰਡਤ, ਘਰਬਾਰੀ ਸਭ ਇਸ ਨਾਮ ਦੇ ਜਾਣੂੰ ਹਨ। ਸਾਧੂਆਂ ਵਿੱਚ ਇਨ੍ਹਾਂ ਦਾ 'ਵੈਰਾਗ ਸ਼ੱਤਕ' ਨਾਮੇ ਪੁਸਤਕ ਵਿਚ ਬੜੇ ਪਿਆਰ ਨਾਲ ਪੜ੍ਹਿਆ ਜਾਂਦਾ ਹੈ। ਪੰਡਤਾਂ ਤੇ ਕਵੀਆਂ ਵਿਚ ਇਸ ਦੇ 'ਸ਼ਿੰਗਾਰ ਸ਼ੱਤਕ' ਨਾਮੇ ਗ੍ਰੰਥ ਦੇ ਕਟਾਖਯ ਤੇ 'ਨੀਤੀ ਸ਼ੱਤਕ' ਨਾਮੇ ਗ੍ਰੰਥ ਦੀਆਂ ਸਿੱਖਯਾਂ ਸਤਿਕਾਰ ਨਾਲ ਵੇਖੀਆਂ ਜਾਂਦੀਆਂ ਹਨ, ਸੰਸਕ੍ਰਿਤ ਸਾਹਿਤਯ (ਲਿਟਰੇਚਰ) ਇਨ੍ਹਾਂ ਤ੍ਰੈ ਸ਼ੱਤਕਾਂ ਦੇ ਛਣਕਾਵਾਂ ਤੇ ਤ੍ਰੁੱਕਿਆਂ ਨਾਲ ਭਰੀ ਪਈ ਹੈ, ਅਤੇ ਹਿੰਦ ਦੀਆਂ ਕਈ ਬੋਲੀਆਂ ਤੋਂ ਛੁੱਟ ਅੰਗ੍ਰੇਜ਼ੀ, ਫਰਾਂਸੀਸੀ ਤੇ ਜਰਮਨੀ ਆਦਿ ਅਨੇਕ ਯੂਰਪੀ ਭਾਸ਼ਾਂ ਇਨ੍ਹਾਂ ਸ਼ੱਤਕਾਂ ਦੇ ਤਰਜਮਿਆਂ ਨਾਲ ਭੂਸ਼ਤ ਹੋ ਚੁਕੀਆਂ ਹਨ, ਜਿਸ ਤੋਂ ਭਰਥਰੀ ਹਰੀ ਦਾ ਨਾਮ ਹੁਣ ਪੜ੍ਹੇ ਹੋਏ ਸੰਸਾਰ ਵਿੱਚ ਇਕ 'ਪ੍ਰਸਿੱਧ' ਨਾਮ ਹੋ ਰਿਹਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹਰਦਿਆਲ ਨਾਮੇ ਕਵੀ ਨੇ ਵੈਰਾਗਸ਼ੱਤਕ ਦਾ ਬ੍ਰਿਜਭਾਸ਼ਾ ਬੋਲੀ ਵਿਚ ਇਕ ਬਹੁਤ ਚਮਕਣ ਵਾਲਾ ਕਵਿਤਾ ਵਿਚ ਤਰਜਮਾ ਕੀਤਾ ਸੀ ਜੋ ਗੁਰਮੁਖੀ ਅੱਖਰਾਂ ਵਿਚ ਮਿਲਦਾ ਹੈ, ਇਸ ਦਾ ਪੰਜਾਬੀ ਤਰਜਮਾ ਬੀ ਹੈ ਤੇ ਸੁਖਦਾਈ ਸਿਖਿਆ ਹੈ, ਕਿੰਤੂ ਭਰਥਰੀ ਜੀ ਦਾ ਨੀਤੀ ਸ਼ੱਤਕ ਪੰਜਾਬੀ ਵਿਚ ਹੈ ਨਹੀਂ ਸੀ ਤੇ ਇਸ ਵਿਚ ਇਕ ਨਿੱਕਾ ਜਿਹਾ ਸ੍ਰਮ ਕੀਤਾ ਗਿਆ ਹੈ, ਤੇ ਠੇਠ ਕਵਿਤਾ ਵਿਚ ਪੰਜਾਬੀ 'ਨੀਤੀ ਸ਼ੱਤਕ' ਤੇ 'ਭਰਥਰੀ ਜੀਵਨ' ਤਿਆਰ ਕਰਕੇ ਇਨ੍ਹਾਂ ਪੰਨਿਆਂ ਵਿਚ ਦਿੱਤਾ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

ਜੋ ਭਰਥਰੀ 'ਵਿਦਵਾਨ ਜਗਤ' ਵਿਚ ਪ੍ਰਸਿੱਧ ਹੈ, ਅਰ ਜਿਸਦੀ ਰਚਨਾ ਦੀ ਕਦਰ ਬੀ ਹੋ ਰਹੀ ਹੈ, ਉਸਦੇ ਆਪਣੇ ਹਾਲਾਤ ਪੱਛਮੀ ਤ੍ਰੀਕੇ ਦੇ ਲਿਖੇ ਹੋਏ ਨਹੀਂ ਮਿਲਦੇ। ਜੋ ਰਵਾਇਤਾਂ, ਲੋਕ ਮੂੰਹ ਚੜ੍ਹੀਆਂ ਕਹਾਣੀਆਂ ਤੇ ਕਥਾ ਕਰਨ ਵਾਲਿਆਂ ਦੇ ਪ੍ਰਸੰਗ ਪ੍ਰਸਿੱਧ ਹਨ ਓਹ ਤੇ ਓਹਨਾਂ ਪਰ ਵਿਚਾਰ ਅਤੇ ਇਤਿਹਾਸਿਕ ਖੋਜ ਨੇ ਜੋ ਕੁਛ ਹੁਣ ਤਕ ਲੱਭਿਆ ਹੈ ਸੋ ਅਗਲੇ ਸਫ਼ਿਆਂ ਵਿਚ ਦੇ ਦਿੱਤਾ ਗਿਆ ਹੈ।

ਅੰਮ੍ਰਿਤਸਰ, ਦਸੰਬਰ 1916 — ਕਰਤਾ

Sri Satguru Jagjit Singh Ji eLibrary NamdhariElibrary@gmail.com

# ਭਰਥਰੀ ਹਰੀ ਜੀਵਨ

## ੧. ਪਰੰਪਰਾ ਦਾ ਭਰਥਰੀ

### ੳ. ਵੈਰਾਗ ਦਾ ਕਾਰਣ

ਪਰੰਪਰਾ ਆਖਦੀ ਹੈ ਕਿ ਸੰਮਤ ਬਿਕ੍ਰਮੀ ਦੇ ਕਰਤਾ ਬਿਕ੍ਰਮਾ ਦਿੱਤ[੧] ਦੇ ਵੱਡੇ[੨] (ਯਾ ਛੋਟੇ[੩]) ਭ੍ਰਾਤਾ ਦਾ ਨਾਮ ਭਰਥਰੀ ਸੀ।

ਇਹਨਾਂ ਵਿੱਚੋਂ ਭਰਥਰੀ ਹਰੀ ਉਜੈਨ ਦੇ ਤਖਤ ਉਤੇ ਬੈਠਾ, ਉਜੈਨ ਰਾਜਪੂਤਾਨੇ ਦੇ ਮਾਲਵਾ ਦੇਸ਼ ਦੀ ਰਾਜਧਾਨੀ ਸੀ।

ਕਿਸੇ ਸੋਮ[੪] ਨਾਮੇ ਬ੍ਰਾਹਮਨ ਨੇ ਬਹੁਤ ਤਪ ਕਰਕੇ ਸ੍ਵਰਗ ਤੋਂ ਇਕ ਫਲ ਪਾਇਆ, ਜਿਸਦਾ ਅਸਰ ਇਹ ਸੀ ਕਿ ਜੋ ਖਾਏ ਅਮਰ ਹੋ ਜਾਏ। ਭਰਥਰੀ ਹਰੀ ਨੂੰ ਧਰਮੀ ਰਾਜਾ ਜਾਣਕੇ ਸੋਮ ਨੇ ਇਹ ਫਲ ਉਸਨੂੰ ਦਿੱਤਾ। ਰਾਜਾ ਦਾ ਅਪਨੀ ਰਾਣੀ 'ਅਨੰਗ ਸੇਨਾ'[੫] ਨਾਲ ਬਹੁਤ ਪਿਆਰ ਸੀ, ਉਸਦਾ ਚਿੱਤ

---

੧. ਸਸ਼ਾਗਿਰੀ ਸ਼ਾਸਤ੍ਰੀ ਕਹਿੰਦੇ ਹਨ ਕਿ ਚੰਦ੍ਰਗੁਪਤ ਨਾਮੇ ਬ੍ਰਾਹਮਣ ਨੇ ਚਾਰ ਵਹੁਟੀਆਂ ਵਿਆਹੀਆਂ। ਬ੍ਰਾਹਮਣੀ(ਜੋ ਜਾਤ ਦੀ ਬ੍ਰਾਹਮਣ ਸੀ) ਵਿਚੋਂ ਵਰੁਚੀ ਜੰਮਿਆ, ਭਾਨਮਤੀ (ਜੋ ਖੱਤ੍ਰਾਣੀ ਸੀ) ਵਿੱਚੋਂ ਵਿਕ੍ਰਮ, ਭਾਗਵਤੀ (ਜੋ ਵੈਸ਼ ਸੀ) ਵਿੱਚੋਂ ਭੱਟੀ ਤੇ ਸਿਧੂਮਤੀ (ਜੋ ਸ਼ੂਦਰ ਸੀ) ਵਿੱਚੋਂ ਭਰਥਰੀ ਜੀ ਜੰਮੇ।

੨. ਟੈਲੰਗ ਜੀ ਵੱਡਾ ਲਿਖਦੇ ਹਨ।

੩. ਏਸ਼ੀਆਟਿਕ ਰੀਸਰਚ ਜਿਲਦ ੯ ਸਫਾ ੧੫੨ ਨੇ ਛੋਟਾ ਲਿਖਿਆ ਹੈ।

੪. ਹਰਦਿਆਲ ਦੇ ਵੈਰਾਗ ਸ਼ੱਤਕ ਵਿਚ ਇਹ ਨਾਮ ਹੈ। ਕਿਤੇ ਇਹ ਬੀ ਕਥਾ ਹੈ ਕਿ ਵਿੱਕ੍ਰਮਾਦਿੱਤ ਨੂੰ ਇਹ ਫਲ ਮਿਲਿਆ ਸੀ, ਉਨ੍ਹਾਂ ਨੇ ਸੋਮ ਨੂੰ ਦਿੱਤਾ ਸੀ।

੫. ਦੇਖੋ 'ਟਾਨੀ' ਦਾ ਦੀਬਾਚਾ।

Sri Satguru Jagjit Singh Ji eLibrary NamdhariElibrary@gmail.com

ਕੀਤਾ ਕਿ ਮੇਰੀ ਪ੍ਰਿਯਾ ਰਾਣੀ ਨੂੰ ਬੁਢੇਪਾ ਤੇ ਮੌਤ ਮੇਰੇ ਦੇਖਦੇ ਨਾ ਆਵੇ, ਉਸਨੇ ਇਹ ਫਲ ਰਾਣੀ ਨੂੰ ਦਿੱਤਾ। ਰਾਣੀ ਦਾ ਕਿਸੇ ਹੋਰ ਨਾਲ ਪਿਆਰ ਸੀ-ਕਦੇ ਆਖਦੇ ਹਨ ਕੁਤਵਾਲ ਨਾਲ ਤੇ ਕਦੇ ਮਹਾਵਤ ਨਾਲ - ਸੋ ਰਾਣੀ ਨੇ ਫਲ ਆਪਣੇ ਪਿਆਰੇ ਨੂੰ ਦਿੱਤਾ ਕਿ ਉਹ ਅਮਰ ਹੋ ਜਾਵੇ। ਇਸ ਪਿਆਰੇ ਦਾ ਪਿਆਰ ਇਕ ਹੋਰ ਇਸਤ੍ਰੀ ਨਾਲ ਬੀ ਸੀ, ਉਸ ਨੇ ਇਹ ਫਲ ਅਪਣੀ ਪਿਆਰੀ ਨੂੰ ਦਿਤਾ। ਇਸ ਇਸਤ੍ਰੀ ਦਾ ਰਾਜੇ ਨਾਲ ਪਿਆਰ ਸੀ, ਇਸ ਨੇ ਪਿਆਰੀ ਸ਼ੈ ਜਾਣਕੇ ਰਾਜੇ ਨੂੰ ਦਿੱਤੀ, ਜਿਸ ਤੋਂ ਰਾਜੇ ਨੂੰ ਅਸਚਰਜ ਹੋਇਆ ਤੇ ਪੜਤਾਲ ਕੀਤੀ, ਤਾਂ ਪਤਾ ਲੱਗਾ ਕਿ ਇਹ ਓਹੋ ਸੋਮ ਬ੍ਰਾਹਮਣ ਵਾਲਾ ਫਲ ਹੈ ਤੇ ਕੀਕੂੰ ਮੋਹ ਦੀ ਤਾਰ ਵਿਚ ਪ੍ਰੋਤਾ ਇਕ ਚੱਕ੍ਰ ਲਾਕੇ ਮੁੜ ਰਾਜਾ ਪਾਸ ਹੀ ਆ ਗਿਆ ਹੈ।

ਰਾਣੀ ਦੇ ਪਿਆਰ ਵਿਚ ਕਸਰ ਵੇਖਕੇ ਰਾਜੇ ਨੂੰ ਵੈਰਾਗ ਹੋ ਗਿਆ, ਤੇ ਉਹ ਆਪਣਾ ਰਾਜ ਭਾਗ ਆਪਣੇ ਭਰਾ ਵਿੱਕ੍ਰਮਾ-ਦਿੱਤ ਨੂੰ ਦੇਕੇ ਇਕ ਗੁਫ਼ਾ ਵਿਚ ਜਾ ਰਿਹਾ, ਜੋ ਹੁਣ ਤੱਕ ਉੱਜੈਨ ਦੇ ਲਾਗੇ ਦੱਸੀਦੀ ਹੈ[੧], ਫੇਰ ਬਨਾਰਸ[੨] ਜਾ ਰਿਹਾ ਏਥੇ ਬੀ ਇਨ੍ਹਾਂ ਦੇ ਨਾਮ ਦਾ ਟਿਕਾਣਾ ਹੈ[੩]। ਤੇ ਫੇਰ ਹਰੀਦ੍ਵਾਰ ਆਦਿਕ ਸਾਰੇ ਦੇਸ਼ ਘੁੰਮਦਾ ਰਿਹਾ[੪] ਤੇ ਅੰਤ ਸੰਸਾਰ ਤੋਂ ਟੁਰ ਗਿਆ।

---

੧. ਦੇਖੋ 'ਟਾਨੀ' ਦਾ ਦੀਬਾਚਾ।

੨. ਪ੍ਰੋਫੈਸਰ ਲੇਸਨ।

੩. ਸਾਨੂੰ ਖਬਰ ਮਿਲੀ ਹੈ ਕਿ ਬਨਾਰਸ ਲਾਗੇ ਜ਼ਿਲਾ ਮਿਰਜ਼ਾਪੁਰ ਵਿਚ ਜੋ ਚੁਨਾਰ ਤੇ ਭਰਥਰੀ ਦੇ ਰਹਿਣ ਦਾ ਟਿਕਾਣਾ ਦੱਸੀਦਾ ਹੈ ਓਥੇ ਭਰਥਰੀ ਦੀ ਸਮਾਧ ਬੀ ਹੈ ਤੇ ਮੇਲਾ ਬੀ ਲਗਦਾ ਹੈ। ਏਸ਼ੀਆ-ਟਿਕ ਰੀਸਰਚ ੯,੧੫੨ ਤੇ ਲਿਖਿਆ ਹੈ ਕਿ ਭਰਥਰੀ 'ਚੁਨਾਰ' ਕੁਛ ਚਿਰ ਰਿਹਾ ਹੈ, ਇਹ ਪਰਗਣਾ ਉਸਨੂੰ ਉਸਦੇ ਭਰਾ ਨੇ ਦਿੱਤਾ ਸੀ, ਜਿਸ ਦਾ ਨਾਮ ਹੁਣ ਤੱਕ ਭਰਥਰੀ ਤੇ ਭਿੜ੍ਰੀ ਪੈਂਦਾ ਹੈ। ਇੱਥੇ ਭਰਥਰੀ ਨੇ ਇਕ ਟਿੱਬਾ ਬਨਵਾਇਆ, ਜੋ ਬੁਰਨਾਂ ਨਦੀ ਦੇ ਉੱਤਰ ਨੂੰ ਹੈ, ਜਿਥੇ ਆਪ ਰਹਿੰਦੇ ਸਨ, ਲਾਗੇ ਇਕ ਪਿੰਡ ਹੈ, ਜਿਸ ਨੂੰ ਪਹਾੜ ਪੁਰ ਕਹਿੰਦੇ ਹਨ।

੪. ਮੂੰਹ ਕਥਾ।

Sri Satguru Jagjit Singh Ji eLibrary NamdhariElibrary@gmail.com

ਇਹੋ ਕਥਾ ਕੁਛ ਵੱਧ ਘੱਟ ਪੰਡਤਾਂ, ਟੀਕਾਕਾਰਾਂ, ਇਤਿਹਾਸ-ਕਾਰਾਂ ਤੇ ਖੋਜਕਾਂ ਨੇ ਦਿੱਤੀ ਹੈ, ਆਮ ਲੋਕਾਂ ਵਿਚ ਤੇ ਕਿਸੇ ਨ ਕਿਸੇ ਸ਼ਕਲੇ ਮੂੰਹ ਚੜ੍ਹੀਆਂ ਕਥਾਵਾਂ ਵਿੱਚ ਬੀ ਇਹੋ ਹੀ ਹੈ।

## ਅ. ਵੈਰਾਗ ਦੀ ਤੀਬ੍ਰਤਾ

ਕਹਿੰਦੇ ਹਨ ਕਿ ਜਦੋਂ ਭਰਥਰੀ ਘਰੋਂ ਟੁਰਿਆ ਨਾਲ ਪਿਆਲਾ ਤੇ ਸਿਰ੍ਹਾਣਾ ਲੈ ਟੁਰਿਆ। ਇਕ ਥਾਂ ਜੰਗਲ ਵਿਚ ਇਕ ਮਜ਼ਦੂਰ ਡਿੱਠਾ ਜੋ ਇਕ ਵੱਟ ਤੇ (ਯਾ ਆਪਣੀ ਬਾਂਹ ਤੇ) ਸਿਰ ਰੱਖਕੇ ਸੁੱਤਾ ਪਿਆ ਸੀ, ਇੱਥੋਂ ਭਰਥਰੀ ਨੂੰ ਆਪਣੇ ਸਿਰਹਾਣੇ ਨਾਲ ਬੀ ਵੈਰਾਗ ਹੋ ਗਿਆ ਤੇ ਓਹ ਸੱਟ ਪਾਇਆ। ਇਕ ਦਿਨ ਨਦੀ ਕਿਨਾਰੇ ਇਕ ਗ੍ਰੀਬ ਬੁੱਕਾਂ ਨਾਲ ਪਾਣੀ ਪੀ ਰਿਹਾ ਸੀ, ਉਸ ਨੂੰ ਤੱਕਕੇ ਭਰਥਰੀ ਨੇ ਆਪਣੇ ਪਿਆਲੇ ਨਾਲ ਬੀ ਨੇਹੁੰ ਤੋੜ ਲਿਆ*।

ਭਰਥਰੀ ਹਰੀ ਦੇ ਵੈਰਾਗ ਦੀ ਅਵਧੀ ਲਈ ਕਿਹ ਹੋਰ ਕਥਾ ਭੀ ਕਰਦੇ ਹਨ। ਸਿਰਹਾਣੇ ਤੇ ਪਿਆਲ ਨਾਲ ਨੇਹੁੰ ਤੋੜਕੇ ਇਕ ਦਿਨ ਆਪ ਕਿਸੇ ਖੇਤ ਦੀ ਵੱਟ ਉਤੇ ਸਿਰ ਧਰਕੇ ਅੱਖਾਂ ਮੀਟੀ ਪਏ ਸਨ ਕਿ ਇਕ ਤੀਮੀਆਂ ਦਾ ਤ੍ਰਿਞਣ ਲੰਘਿਆ, ਇਨ੍ਹਾਂ ਵਿਚ ਕੁਛ ਵੈਰਾਗ ਉੱਤੇ ਚਰਚਾ ਹੋ ਰਹੀ ਸੀ। ਇਸ ਵੇਲੇ ਇਕ ਮੁਟਿਆਰ ਜੋ ਸਮਝਦਾਰ ਸੀ, ਬੋਲੀ : 'ਵੈਰਾਗ ਇਸ ਗਲ ਦਾ ਨਾਮ ਤਾਂ ਨਹੀਂ ਕਿ ਆਦਮੀ ਸੁਖਾਂ ਦੀ ਲਾਲਸਾ ਰੱਖੇ ਤੇ ਸੁਖਾਂ ਦੇ ਸਮਾਨ ਛਡ ਦੇਵੇ, ਜਿਸ ਤਰ੍ਹਾਂ ਔਹ ਵੇਖੋ ਭਰਥਰੀ ਹਰੀ ਪਿਆ ਹੈ। ਰਾਜ ਛਡ ਆਯਾ ਜੇ, ਸਿਰਹਾਣਾ ਸੱਟ ਪਾਯਾ ਸੂ, ਤੇ ਸੁਖ ਦੀ ਲਾਲਸਾ ਅਜੇ ਨਹੀਂ ਮਿਟੀ, ਸਿਰ ਉਚੇਰਾ ਰਖਣ ਲਈ ਵੱਟ ਹੀ ਸਿਰਹਾਣਾ ਬਣਾ ਲਿਆ ਸੂ'। ਇਹ ਨੁਕਤਾਚੀਨੀ ਸੁਣਕੇ ਭਰਥਰੀ ਜੀ ਨੇ ਅੱਗੋਂ ਨੂੰ ਚੁਫਾਲ ਹੀ ਸੱਥਰ ਸੌਣਾ ਧਾਰਨ ਕਰ ਲਿਆ। 'ਵੈਰਾਗ ਸ਼ੱਤਕ' ਵਿਚ ਭਰਥਰੀ ਜੀ ਨੇ ਜ਼ਮੀਨ ਨੂੰ ਸਿਹਜਾ ਬਣਾਕੇ ਚਾਂਦਨੀ ਵਿਚ ਨਿਸ਼ਚਿੰਤ ਸੌਣ ਦੀ ਅਭਿਲਾਖਾ ਆਪ ਬੀ ਕਹੀ ਹੈ।

---

* ਇਸ ਕਿਸਮ ਦੇ ਵੈਰਾਗ ਦੀਆਂ ਕਹਾਣੀਆਂ ਲੋਕ ਹੋਰਨਾਂ ਵੈਰਾਗਵਾਨਾਂ ਦੇ ਨਾਮਾਂ ਨਾਲ ਬੀ ਸੁਣਾਉਂਦੇ ਹਨ।

Sri Satguru Jagjit Singh Ji eLibrary NamdhariElibrary@gmail.com

## ੲ. ਫਿਰ ਫਿਰ ਪਛੁਤਾਵੇ

ਕਥਾ ਕਰਨ ਵਾਲੇ ਦੱਸਦੇ ਹਨ ਕਿ ਵੈਰਾਗ ਹੋ ਜਾਣ ਮਗਰੋਂ ਜਦੋਂ ਰਾਜਾ ਸਾਧੂ ਹੋ ਵਿਚਰ ਰਹੇ ਸਨ ਤਾਂ ਇਕ ਰਾਤ ਚਾਂਦਨੀ ਵਿਚ ਆਪ ਨੂੰ ਇਕ ਲਾਲ ਨਜ਼ਰ ਆਯਾ, ਚੁੱਕਣ ਲਈ ਹੱਥ ਪਸਾਰਿਆ ਤਾਂ ਉਹ ਪਾਨ ਖਾਕੇ ਕਿਸੇ ਦੀ ਸੱਟੀ ਹੋਈ ਥੁੱਕ ਨਿਕਲੀ, ਜੋ ਚੰਦ ਦੀਆਂ ਕਿਰਨਾਂ ਨਾਲ ਦਮਕ ਰਹੀ ਸੀ। ਇੱਥੇ ਰਾਜਾ ਨੂੰ ਆਪਣੇ ਆਪ ਤੇ ਸ਼ੋਕ ਆਯਾ, ਕਿ ਮੈਂ ਰਾਜ ਛੱਡਕੇ, ਵੈਰਾਗ ਧਾਰਕੇ ਫੇਰ ਲਾਲ ਨੂੰ ਹੱਥ ਕਿਉਂ ਪਾਇਆ? ਮੇਰੇ ਵੈਰਾਗ ਵਿਚ ਕਸਰ ਹੈ, ਸੋ ਉਸ ਦਿਨ ਤੋਂ ਵਧੇਰੇ ਉਦਾਸ ਹੋ ਗਏ। ਇਸ ਤਰ੍ਹਾਂ ਦੀਆਂ ਉਦਾਸੀਆਂ ਪਰ ਵੈਰਾਗ ਸ਼ੱਤਕ ਵਿਚ ਇਸਾਰੇ ਮਿਲਦੇ ਹਨ।

## ਸ. ਭੁੱਖ ਤ੍ਰੇਹ ਨੂੰ ਜਿੱਤਣਾ

ਕਥਾ ਕਰਦੇ ਹਨ ਕਿ ਇਕ ਵੇਰ ਵੈਰਾਗੀ ਭਰਥਰੀ ਜੀ ਨੂੰ ਤ੍ਰੈ ਦਿਨ ਅੰਨ ਨਾ ਲੱਭਾ, ਚੌਥੇ ਦਿਨ ਫਿਰਦੇ ਫਿਰਦੇ ਸ਼ਮਸ਼ਾਨ ਵਿਚ ਆ ਨਿਕਲੇ, ਉੱਥੇ ਸੱਠੀ ਦੇ ਚੌਲਾਂ ਦੇ ਪਿੰਡ ਪਏ ਸਨ, ਇਹ ਤੱਕਕੇ ਆਪ ਨੇ ਸ਼ੁਕਰ ਕੀਤਾ। ਮਸਾਣਾਂ ਵਿਚੋਂ ਕੋਲੇ ਉਰੇ ਕਰਕੇ ਪਿੰਡਾਂ ਦੀਆਂ ਟਿੱਕੀਆਂ ਕਰਕੇ ਸੇਕਣ ਲਈ ਉਤੇ ਧਰ ਦਿੱਤੀਆਂ। ਇਸ ਵੇਲੇ ਸ਼ਿਵਜੀ ਪਾਰਬਤੀ ਇੱਥੋਂ ਲੰਘ ਰਹੇ ਸਨ, ਐਸੇ ਪ੍ਰਤਾਪ-ਸ਼ੀਲ ਵੈਰਾਗ ਮੂਰਤੀ ਰਾਜਾ ਦੀ ਇਹ ਦੁਰਗਤੀ ਵੇਖਕੇ ਪਾਰਬਤੀ ਨੇ ਸ਼ਿਵਾਂ ਪਾਸ ਬਿਨੈ ਕੀਤੀ ਕਿ 'ਆਗਿਆ ਹੋਵੇ ਤਾਂ ਮੈਂ ਆਪ ਦੇ ਭਗਤ ਨੂੰ ਵਰ ਦਿਆਂ?' ਸ਼ਿਵਾਂ ਨੇ ਕਿਹਾ 'ਏਹ ਪਰਮ ਵੈਰਾਗੀ ਹੈ ਤੂੰ ਵਰ ਦੇਣ ਗਈ ਸ੍ਰਾਪ ਨਾ ਦੇ ਆਵੀਂ'। ਪਾਰਬਤੀ ਨੇ ਕਿਹਾ 'ਸੱਤਿਬਚਨ'। ਨੇੜੇ ਜਾਕੇ ਪਾਰਬਤੀ ਨੇ ਕਿਹਾ 'ਭਗਤਾ! ਭਗਤਾ!! ਭਗਤਾ!!!' ਪਰ ਭਰਥਰੀ ਆਪਣੀ ਧੁਨਿ ਵਿਚ ਸੀ, ਉਸ ਜਾਤਾ ਕੋਈ ਮੰਗਤੀ ਆ ਗਈ ਹੈ, ਜੋ ਮੇਰੀ ਟਿੱਕੀ ਮੰਗਦੀ ਹੈ। ਇਕ ਟਿੱਕੀ ਸਿਕ ਗਈ ਸੀ, ਉਹ ਬਿਨਾਂ ਪਿੱਛੇ ਤੱਕੇ ਦੇ ਭਰਥ਼ਰੀ ਨੇ ਉਸ ਵੱਲ ਚਾ ਸੱਟੀ ਤੇ ਕਿਹਾ, ਅੱਛਾ ਅਸੀਂ ਦੋ ਖਾ ਲਵਾਂਗੇ, ਇਕ ਸ਼ਿਵ ਨਮਿਤ ਤੂੰ ਲੈ ਜਾ, ਕਿਸੇ ਦੁਖੀ ਨੂੰ ਸੁਖ ਹੋ ਜਾਏ!' ਪਾਰਬਤੀ

Sri Satguru Jagjit Singh Ji eLibrary NamdhariElibrary@gmail.com

ਕੁਛ ਗੁੱਸੇ ਵਿਚ ਆਈ, ਪਰ ਉਸਦੀ ਦਾਨ ਬ੍ਰਿਤੀ ਪਰ ਰੀਝਕੇ ਫੇਰ ਆਵਾਜ਼ ਮਾਰੀ। ਭਰਥਰੀ ਨੇ ਦੂਈ ਗੁੱਲੀ ਬੀ ਸੁੱਟ ਦਿੱਤੀ ਤੇ ਇਸੇ ਤਰ੍ਹਾਂ ਜਿੰਨੀਆਂ ਸਨ ਦੇ ਦਿੱਤੀਆਂ ਤੇ ਕਿਹਾ : 'ਅੱਛਾ ਸ਼ਿਵਜੀ! ਅਤਿੱਥੀ ਭੁੱਖਾ ਨਾ ਰਹੇ, ਅਸੀਂ ਕੱਲ ਭੋਜਨ ਕਰ ਲਵਾਂਗੇ।' ਇਸ ਪਰ ਪਾਰਬਤੀ ਨੇ ਮੋਢਿਓਂ ਫੜਕੇ ਹਿਲਾਇਆ, ਜਾਂ ਭਰਥਰੀ ਨੇ ਮਾਤਾ ਵੇਖੀ ਤਾਂ ਪੈਰੀਂ ਢੈ ਪਿਆ ਤੇ ਆਪਣੇ ਅਪ੍ਰਾਧ ਦੀ ਖਿਮਾਂ ਮੰਗੀ। ਇਸ ਪਰ ਪਾਰਬਤੀ ਨੇ ਕਿਹਾ 'ਹੇ ਭਗਤਾ! ਮੈਂ ਤੇਰੇ ਪਰ ਪ੍ਰਸੰਨ ਹਾਂ, ਵਰ ਮੰਗ!' ਤਦ ਭਰਥਰੀ ਨੇ ਕਿਹਾ, ਹੇ ਮਾਤਾ! ਵਰ ਦੇਹ ਕਿ ਮੈਨੂੰ ਰੋਜ਼ ਅੰਨ ਨਾ ਮਿਲਿਆ ਕਰੇ। ਜਦੋਂ ਭੁਖ ਤ੍ਰੇਹ ਨਾਲ ਮੈਂ ਆਤੁਰ ਹੋ ਜਾਵਾਂ ਤਦੋਂ ਮਿਲਿਆ ਕਰੇ ਤੇ ਓਹ ਭੀ ਪੇਟ ਭਰ ਕਦੇ ਨਾ ਮਿਲੇ*'। ਇਸ ਵੇਲੇ ਪਾਰਬਤੀ ਨੂੰ ਪਤੀ ਦਾ ਕਹਿਣਾ ਯਾਦ ਆਇਆ ਕਿ 'ਵਰ ਦੇਣ ਚੱਲੀ ਸ੍ਰਾਪ ਨਾ ਦੇ ਆਵੀਂ' ਪਰ ਹੁਣ ਓਹ ਭਗਤ ਦੇ ਇਸ ਤੀਬ੍ਰਤਰ ਵੈਰਾਗ ਪਰ ਪਰਮ ਪ੍ਰਸੰਨ ਹੋ ਕੇ ਬੋਲੀ :-

'ਤੇਰਾ ਵੈਰਾਗ ਪਰਵਾਨ ਹੋ ਗਿਆ'।

### ਹ. ਨਾਟਕ ਵਿਚ ਭਰਥਰੀ ਦੀ ਵੈਰਾਗ ਕਥਾ

'ਭਰਥਰੀ ਹਰੀ ਨਿਰਵੇਦਕ ਨਾਟਕ' ਨਾਮੇ ਇਕ ਪੋਥੀ ਮਿਲੀ ਹੈ, ਜੋ ਮਿਥਲੀ ਲਿਪੀ ਵਿਚ ਲਿਖੀ ਹੋਈ ਹੈ। ਇਸ ਦੇ ਕਰਤਾ ਹਰੀ ਹਰੋਪਾਧਜਾਯ ਨਾਮੇ ਪੰਡਤ ਹਨ। ਇਹ ਕਦ ਹੋਏ ਤੇ ਕੌਣ ਸਨ ? ਪਤਾ ਨਹੀਂ, ਇਨ੍ਹਾਂ ਨੇ ਇਸ ਨਾਟਕ ਦਾ ਮਸਾਲਾ ਕਿਥੋਂ ਲਿਆ ? ਇਹ ਬੀ ਪਤਾ ਨਹੀਂ, ਪਰ ਇਸ ਨਾਟਕ ਵਿਚ ਭਰਥਰੀ ਦੀ ਕਥਾ ਹੋਰ ਹੀ ਤਰ੍ਹਾਂ ਹੈ, ਜਿਸਦਾ ਸਾਰ ਇਸ ਪ੍ਰਕਾਰ ਹੈ

ਰਾਜਾ ਭਰਥਰੀ ਪਰਦੇਸ ਤੋਂ ਘਰ ਆਏ, ਅੱਗੋਂ ਉਨ੍ਹਾਂ ਦੀ ਇਸਤ੍ਰੀ 'ਭਾਨਮਤੀ' ਬੜੇ ਪਿਆਰ ਨਾਲ ਉਨ੍ਹਾਂ ਨੂੰ ਮਿਲੀ। ਉਦਾਸ ਦੇਖਕੇ ਰਾਜਾ ਨੇ ਕਾਰਨ ਪੁੱਛਿਆ ਤਾਂ ਭਾਨਮਤੀ ਨੇ ਕਿਹਾ ਕਿ 'ਆਪ ਦੇ ਵਿਯੋਗ ਵਿੱਚ

---

* ਕਥਾ ਕਰਨ ਵਾਲੇ ਇਨ੍ਹਾਂ ਪ੍ਰਸੰਗਾਂ ਨਾਲ ਵੈਰਾਗ ਦੀ ਮੂਰਤੀ ਭਯਾਨਕ ਬਣਾ ਦਿਖਾਲਦੇ ਹਨ।

Sri Satguru Jagjit Singh Ji eLibrary NamdhariElibrary@gmail.com

ਇਹ ਹਾਲ ਹੋਇਆ ਹੈ।' ਰਾਜਾ ਨੇ ਕਿਹਾ 'ਮੈਂ ਕਿਸੇ ਅਨੁਸ਼ਠਾਨ ਲਈ ਗੰਗਾ ਕਿਨਾਰੇ ਬ੍ਰਾਹਮਣਾਂ ਦੀ ਮਜਬੂਰੀ ਕਰਕੇ ਰਿਹਾ ਹਾਂ, ਨਿਰਮੋਹਤਾ ਨਾਲ ਤੁਸਾਂ ਤੋਂ ਦੂਰ ਨਹੀਂ ਰਿਹਾ।'

ਇਸ ਤਰ੍ਹਾ ਆਪੋ ਵਿਚ ਗੱਲਾਂ ਕਰ ਰਹੇ ਸਨ ਕਿ ਬਜ਼ਾਰ ਵਿਚੋਂ ਢੋਲਾਂ ਦੀ ਆਵਾਜ਼ ਆਈ। ਦੋਹਾਂ ਜਣਿਆਂ ਉੱਠਕੇ ਤੱਕਿਆ ਤਾਂ ਇਕ ਮੁਰਦਾ ਲਿਜਾ ਰਹੇ ਸਨ ਤੇ ਨਾਲ ਉਸਦੀ ਇਸਤ੍ਰੀ ਸਤੀ ਹੋਣ ਜਾ ਰਹੀ ਸੀ। ਰਾਜਾ ਨੇ ਉਸ ਸਤੀ ਦੀ ਮਹਿਮਾ ਕੀਤੀ ਕਿ 'ਕੈਸਾ ਪਿਆਰ ਹੈ ਜੋ ਪਤੀ ਨਾਲ ਅੱਗ ਵਿਚ ਸੜਨ ਦਾ ਦੁੱਖ ਝੱਲੇਗੀ'। ਰਾਣੀ ਨੇ ਕਿਹਾ 'ਮੇਰੀ ਜਾਚੇ ਇਹ ਇਕ ਵਪਾਰ ਹੈ, ਅਸਲੀ ਪ੍ਰੇਮ ਨਹੀਂ, ਕਿਉਂਕਿ ਚਿਖਾ ਦੀ ਅੱਗ ਨਾਲ ਇਹ ਵਿਰਹ ਅਗਨੀ ਤੋਂ ਅੱਖ ਦੇ ਪਲਕਾਰੇ ਵਿੱਚ ਛੁਟਕਾਰਾ ਪਾ ਜਾਂਦੀ ਹੈ। ਜੇ ਪ੍ਰੇਮ ਅਸਲੀ ਹੋਵੇ ਤਾਂ ਬਿਰਹੋਂ ਦੀ ਅੱਗ ਨਾਲ ਝੱਟ ਮਰ ਜਾਏਗੀ, ਚਿਖਾ ਲਈ ਨਹੀਂ ਜੀਵੇਗੀ'। ਰਾਜਾ ਇਹ ਗੱਲ ਸੁਣਕੇ ਅਸਚਰਜ ਹੋਇਆ। ਕੁਛ ਚਿਰ ਮੋੜਵੀਆਂ ਘੋੜਵੀਆਂ ਗੱਲਾਂ ਹੋਈਆਂ, ਪਰ ਰਾਣੀ ਆਪਣੇ ਖਿਆਲ ਤੇ ਪੱਕੀ ਰਹੀ।

ਹੁਣ ਰਾਜਾ ਦਾ ਪ੍ਰੀਖਜਾ ਕਰਨ ਨੂੰ ਜੀ ਕਰ ਆਇਆ, ਸੋ ਸ਼ਿਕਾਰ ਦਾ ਬਹਾਨਾ ਬਨਾਕੇ ਰਾਜਾ ਚਲਾ ਗਿਆ ਤੇ ਬਨ ਵਿੱਚੋਂ ਅਪਣੇ ਇਤਬਾਰੀ ਆਦਮੀ ਦੇ ਹੱਥ ਰਾਣੀ ਨੂੰ ਸੁਨੇਹਾ ਘੱਲਿਆ ਕਿ 'ਰਾਜਾ ਨੂੰ ਇਕ ਸ਼ੇਰ ਨੇ ਮਾਰ ਸੁੱਟਿਆ ਹੈ'। ਜਦ ਨੌਕਰ ਨੇ ਆਕੇ ਇਹ ਸਮਾਚਾਰ ਸੁਣਾਇਆ ਤਾਂ ਭਾਨਮਤੀ ਨੇ ਕਲੇਜੇ ਵਿੱਚ ਬਿਰਹੋਂ ਦੀ ਐਸੀ ਚੋਟ ਖਾਧੀ ਕਿ ਉਸੇ ਵੇਲੇ ਮਰ ਗਈ*।

ਜਦੋਂ ਰਾਜਾ ਮੁੜਕੇ ਆਇਆ ਤਾਂ ਅੱਗੋਂ ਪਿਆਦਾ ਮਿਲਿਆ ਕਿ 'ਮਹਾਰਾਜ! ਆਪਦਾ ਮਰਨ ਸੰਦੇਸ਼ ਸੁਣਦੇ ਹੀ ਰਾਣੀ ਮਰ ਗਈ'। ਰਾਜਾ ਨੂੰ ਸੁਣਕੇ ਮੂਰਛਾ ਆ ਗਈ। ਪਰ ਹੁਣ ਕੀ ਹੋ ਸਕਦਾ ਸੀ ? ਬਥੇਰਾ ਰੋਇਆ

---

* ਇਸ ਪ੍ਰਕਾਰ ਦੀ ਕਥਾ ਭਗਤ 'ਜੈ ਦੇਵ' ਜੀ ਦੀ ਵਹੁਟੀ ਦੀ ਵੀ ਕਰਦੇ ਹਨ, ਜੋ ਪ੍ਰੇਮ ਪ੍ਰੀਖਿਆ ਵਿੱਚ ਇੱਕੁਰ ਹੀ ਮਰ ਗਈ ਸੀ।

Sri Satguru Jagjit Singh Ji eLibrary NamdhariElibrary@gmail.com

ਪਿੱਟਿਆ, ਪਰ ਬਣੇ ਕੀ? ਜਦ ਮਸਾਣਾ ਵਿਚ ਰਾਣੀ ਨੂੰ ਸਾੜਨ ਲਈ ਲੈ ਗਏ ਤਾਂ ਰਾਜਾ ਵਿਆਕੁਲ ਹੋ ਹੋ ਜੋੜੀ ਚਿਖਾ ਵਿਚ ਛਾਲਾਂ ਮਾਰਦਾ ਸੀ ਤੇ ਰਾਣੀ ਨੂੰ ਲੰਬੂ ਨਹੀਂ ਲਾਉਣ ਦੇਂਦਾ ਸੀ। ਰਾਜਾ ਦਾ ਮੰਤ੍ਰੀ ਦੇਵ ਤਿਲਕ ਉਸਨੂੰ ਬਹੁਤ ਸਮਝਾਉਂਦਾ ਸੀ, ਪਰ ਰਾਜਾ ਨੂੰ ਦੋ ਦੁੱਖ ਸਨ, ਇਕ ਐਸੀ ਪਿਆਰੀ ਪਤੀਬ੍ਰਤਾ ਇਸਤ੍ਰੀ ਦੇ ਮਰਨ ਦਾ, ਦੂਜਾ ਕਾਰਨ ਉਸਦੇ ਮਰਨ ਦਾ ਰਾਜੇ ਦਾ ਆਪ ਹੋਣਾ, ਇਸ ਕਰਕੇ ਉਸਦਾ ਕਲੇਸ਼ ਘਟਦਾ ਨਹੀਂ ਸੀ।

ਹੁਣ ਖਬਰ ਮਿਲੀ ਕਿ ਮਸਾਣਾਂ ਦੇ ਨੇੜੇ ਕਿਤੇ ਇਕ ਯੋਗੀਰਾਜ ਆਏ ਹਨ, ਮੰਤ੍ਰੀ ਉਨ੍ਹਾਂ ਵੱਲ ਗਿਆ, ਰਾਜਾ ਨੂੰ ਵੀ ਲੈ ਗਿਆ, ਪਰ ਅੱਗੇ ਯੋਗੀ ਜੀ ਐਉਂ ਵਿਰਲਾਪ ਕਰ ਰਹੇ ਸਨ :

"ਹਾਇ! ਮੇਰੀ ਹੰਡੀਆਂ ਤੂੰ ਕਿਥੇ ਗਈ, ਹੇ ਦੇਵ! ਤੂੰ ਮੇਰੇ ਨਾਲ ਕੇਹੀ ਕਰੜਾਈ ਕੀਤੀ ਹੈ ਕਿ ਮੇਰੀ ਪ੍ਰਾਣ ਪਿਆਰੀ ਹਾਂਡੀ ਤੋੜ ਦਿੱਤੀ"। ਇਸ ਤਰ੍ਹਾਂ ਵੈਣ ਪਾ ਪਾ ਕੇ ਜੋਗੀ ਰਾਜ ਰੋਏ ਕਿ ਰਾਜਾ ਦਾ ਧਿਆਨ ਅਪਣੇ ਸ਼ੋਕ ਤੋਂ ਉਸ ਵਲ ਚਲਾ ਗਿਆ ਤੇ ਧੀਰਜ ਦੇਣ ਲਗਾ, ਪਰ ਜੋਗੀ ਹੋਰ ਰੋਇਆ। ਰਾਜਾ ਨੇ ਕਿਹਾ 'ਕਾਠ ਦੀ ਹਾਂਡੀ ਪਰ ਕੀ ਰੋਣਾ, ਹੋਰ ਲੈ ਲਓ'। ਜੋਗੀ ਨੇ ਰੋ ਰੋ ਕੇ ਹਾਂਡੀ ਦੀ ਮਹਿਮਾ ਸੁਣਾਈ ਤੇ ਕਿਹਾ : 'ਰਾਜਾ! ਬੜਾ ਕਹਿਰ ਏਹ ਹੋਇਆ ਹੈ ਕਿ 'ਹਾਂਡੀ ਦੀ ਪਕਿਆਈ ਪਰਖਣ ਲਈ ਮੈਂ ਉਸਨੂੰ ਧਰਤੀ ਤੇ ਪਟਕਿਆ ਤੇ ਓਹ ਫੁੱਟ ਗਈ'। ਇਹ ਬੋਲੀ ਰਾਜੇ ਨੂੰ ਚੁਭ ਗਈ ਤੇ ਕੁਛ ਹੋਸ਼ ਆ ਗਈ। ਹੁਣ ਜੋਗੀ ਦੀ ਚਾਤੁਰੀ ਨੇ ਗੱਲ ਹਾਂਡੀ ਤੋਂ ਐਸੀ ਚੁੱਕੀ ਤੇ ਰਾਜਾ ਦੇ ਸ਼ੋਕ ਵਲ ਆਂਦੀ ਕਿ ਰਾਜਾ ਦੀ 'ਮੋਹ ਨਿੰਦ੍ਰਾ' ਖੁੱਲ੍ਹ ਗਈ ਤੇ ਵੈਰਾਗ ਹੋ ਗਿਆ। ਇਹ ਜੋਗੀ 'ਗੋਰਖ ਨਾਥ' ਜੀ ਸਨ। ਆਪ ਨੇ ਰਾਜੇ ਨੂੰ ਤੱਤ੍ਵ ਗਿਆਨ ਦਾ ਉਪਦੇਸ਼ ਦਿੱਤਾ। ਰਾਜਾ ਰਾਜ ਪਾਟ ਸਭ ਗੱਲੋਂ ਉਦਾਸ ਹੋ ਖਲੋਤਾ।

ਮੰਤ੍ਰੀ ਘਬਰਾਇਆ ਕਿ ਆਏ ਸਾਂ ਬਿੱਛੂ ਦਾ ਜ਼ਹਿਰ ਉਤਰਵਾਨ ਤੇ ਚੜ੍ਹਵਾ ਲਿਆ ਸੱਪ ਦਾ ਜ਼ਹਿਰ! ਰਾਜੇ ਨੂੰ ਬਹੁਤ ਸਮਝਾਇਆ, ਪਰ ਮੰਤ੍ਰੀ ਦੀ ਕੋਈ ਪੇਸ਼ ਨਾ ਗਈ। ਗੋਰਖਨਾਥ ਨੇ ਆਪਣੀ ਉਪਦੇਸ਼ ਸ਼ਕਤੀ ਦੱਸਣ

Sri Satguru Jagjit Singh Ji eLibrary NamdhariElibrary@gmail.com

ਲਈ ਭਾਨੁਮਤੀ ਨੂੰ ਚਿਖਾ ਪਾਸ ਆਕੇ ਜੁਆ ਦਿਤਾ। ਭਾਨੁਮਤੀ ਨੇ ਜੀਉਂਕੇ ਪਤੀ ਨੂੰ ਵੈਰਾਗੀ ਡਿੱਠਾ, ਬਹੁਤ ਸਮਝਾਇਆ, ਪਰ ਹੁਣ ਇਸਤ੍ਰੀ ਦੀ ਪ੍ਰੇਰਨਾ ਦੀ ਭੀ ਕੁਛ ਪੇਸ਼ ਨਾ ਗਈ। ਫੇਰ ਰਾਜਕੁਮਾਰ ਲਿਆ ਕੇ ਸਮਝਾਇਆ, ਪਰ ਕਿਸੇ ਮੋਹ ਨਾਲ ਭਰਥਰੀ ਨਾਂ ਬੱਝਾ। ਹੁਣ ਗੋਰਖ ਨਾਥ ਨੇ ਕਿਹਾ ਕਿ 'ਰਾਜ਼ ਕੁਮਾਰ ਦਾ ਤਿਲਕ ਕਰੋ ਤੇ ਭਰਥਰੀ ਹਰੀ ਨੂੰ ਤਪ ਕਰਨ ਲਈ ਜਾਣ ਦਿਓ'। ਆਪ ਰਾਜਾ ਨੂੰ ਅਸ਼ੀਰਬਾਦ ਦਿੱਤੀ ਤੇ ਰਾਜਾ ਭਰਥਰੀ ਹਰੀ ਹੁਣ ਸਾਧੂ ਭਰਥਰੀ ਹਰੀ ਹੋ ਕੇ ਤਿਆਗੀ ਹੋ ਗਿਆ*।

## ਕ. ਪੰਜਾਬ ਦੇ ਗੀਤਾਂ ਵਿਚ ਭਰਥਰੀ

ਰਿਗ ਵੇਦ ਦੇ ਮੰਤਰ ਦੱਸਦੇ ਹਨ ਕਿ ਓਹ ਸਾਰੇ ਯਾ ਉਨ੍ਹਾਂ ਵਿੱਚੋਂ ਢੇਰ ਸਾਰੇ ਪੰਜਾਬ ਦੇ ਦਰਿਯਾਵਾਂ ਦੇ ਕਿਨਾਰੇ ਰਚੇ ਗਏ। ਪਾਣਨੀ ਨਾਮੇ ਪ੍ਰਸਿਧ ਵਿਆਕਰਣ ਵੇਤਾ ਦਰਿਆ ਸਿੰਧ ਦੇ ਲਾਗੇ ਜਨਮੇ, ਪਰੰਤੂ ਸੰਸਕ੍ਰਿਤ ਲਿਟਰੇਚਰ ਦਾ ਪੂਰਾ ਯੋਬਨ ਗੰਗਜਮਨ ਦੇ ਵਿਚਕਾਰ ਜਾਕੇ ਆਇਆ ਤੇ ਪੰਜਾਬ ਵਿਚ ਸਨਾਤਨ ਤੋਂ ਜੁੱਧਾਂ ਜੰਗਾਂ ਦਾ ਤੜਥੱਲ ਮੱਚਿਆ ਰਿਹਾ। ਪੰਜਾਬ ਵਿੱਚ ਨਾ ਤਾਂ ਪੁਰਾਣੇ ਇਮਾਰਤੀ, ਨਾ ਪੁਰਾਣੇ ਸਾਹਿੱਤ ਦੇ ਨਿਸ਼ਾਨ ਮਿਲਦੇ ਹਨ, ਕਿਉਂਕਿ ਇੱਥੇ ਹਮਲਾ-ਆਵਰਾਂ ਕੁਛ ਰਹਿਣ ਨਹੀਂ ਦਿੱਤਾ। ਪੰਜਾਬ ਹਿੰਦ ਦਾ ਦਰਵਾਜ਼ਾ ਹੈ, ਜਿੱਥੇ ਸਾਰੇ ਜਰਵਾਣੇ ਪਹਿਲੋਂ ਆਉਂਦੇ ਰਹੇ, ਸੋ ਏਹ ਜਵਾਨ ਦਰਬਾਨ ਵੈਰੀਆਂ ਨਾਲ ਹੀ ਅਕਸਰ ਜੰਗਾਂ ਵਿੱਚ ਰੁੱਝਾ ਰਿਹਾ। ਪੰਜਾਬ ਹੂਨਸ, ਸਿਥੀਅਨ, ਤਾਤਾਰੀ, ਪਠਾਣਾਂ, ਮੁਗਲਾਂ ਦੇ ਅਨੇਕਾਂ ਹੱਲਿਆਂ ਤੇ ਅਨਗਿਣਤ ਜੰਗਾਂ ਦਾ ਜੁੱਧ ਛੇਤ੍ਰ ਰਿਹਾ। ਜੇ ਕਦੇ ਵਿਦਿਆ ਇਥੇ ਫੈਲੀ ਤਾਂ ਪ੍ਰਾਕ੍ਰਿਤ, ਸੰਸਕ੍ਰਿਤ, ਬ੍ਰਿਜ ਭਾਸ਼ਾ, ਫਾਰਸੀ। ਪੰਜਾਬੀ ਸਾਹਿਤ ਦੀ ਨੀਂਹ ਸਿੱਖ ਸਤਿਗੁਰਾਂ ਨੇ ਰੱਖੀ। ਜੋ ਕੁਛ ਪੰਜਾਬ ਦਾ ਸਾਹਿੱਤ ਇਸ ਤੋਂ ਪਹਿਲੋਂ ਦਾ ਯਾ ਮਗਰੋਂ ਇਨ੍ਹਾਂ ਦੇ ਸਾਹਿੱਤ ਤੋਂ ਬਾਹਰ ਦਾ ਮਿਲਦਾ ਹੈ, ਓਹ ਅਕਸਰ ਗੀਤਾਂ ਗੌਣਾਂ ਵਿਚ ਹੈ, ਜੋ ਅਨੇਕਾਂ ਮਰ ਗਏ ਤੇ ਕਈ ਅਜੇ ਬੁਢਾਪੇ ਵਿੱਚ

---

* ਸੁਰਸਤੀ ੬-੧੭, ਅਤੇ ਪ੍ਰੋ: ਗੋਪੀ ਨਾਥ, ੮।

Sri Satguru Jagjit Singh Ji eLibrary NamdhariElibrary@gmail.com

ਮਰਨੇ ਨੂੰ ਤਿਆਰ ਹਨ। ਸੋ ਜੇ ਅਸੀਂ ਆਪਣੇ ਪੰਜਾਬ ਵਿੱਚ ਭਰਥਰੀ ਹਰੀ ਦਾ ਪਤਾ ਲੱਭੀਏ ਤਾਂ ਸਾਡੇ ਮਨੋਹਰ ਗੀਤਾਂ ਦੇ ਮੰਡਲ ਵਿੱਚ ਹੀ ਤਲਾਸ਼ ਕੀਤੀ ਜਾਣੀ ਸੰਭਵ ਸੀ, ਸੋ ਏਹ ਖੋਜ ਕਰਦਿਆ ਸਾਨੂੰ ਇਕ ਪੁਰਾਣਾ ਗੀਤ ਲੱਭਾ ਹੈ, ਜੋ ਗੋਰਖ ਦੇ ਜੋਗ ਮਤ ਦੇ ਪ੍ਰਚਾਰਕਾਂ ਦੀ ਉਲਾਦ ਵਿਚੋਂ ਜੋਗੀ ਕਹਿਲਾਉਂਦੇ ਫਕੀਰਾਂ ਦੀ ਯਾਦ ਹੈ ਤੇ ਓਹ ਗਲੀਆਂ ਕੂਚਿਆਂ ਵਿੱਚ ਸੁਣਾਉਂਦੇ ਫਿਰਦੇ ਹਨ, ਉਸਦਾ ਸਾਰ ਅੰਸ਼ ਇਹ ਹੈ:-

ਗਰਬਸੈਨ[੧] ਦਾ ਪੁੱਤਰ ਤੇ ਵਿਕ੍ਰਮਾਦਿੱਤ ਦਾ ਭਰਾ ਭਰਥਰੀ ਹਰੀ ਸੀ, ਉਸਨੇ ਪਹਿਲੇ ਨੀਸਾਂਗ[੨] ਨਾਮੇ ਰਾਣੀ ਵਿਆਹੀ, ਫੇਰ ਉਸਨੇ ਪਿੰਗਲਾ ਰਾਣੀ ਵਿਆਹੀ। ਏਸ ਨੂੰ ਬਨ ਵਿੱਚ ਧੌਲਰ ਪੁਆ ਦਿੱਤਾ, ਇਸ ਨਾਲ ਅਤਿ ਪਿਆਰ ਸੀ, ਤੇ ਇਸ ਰਾਣੀ ਦਾ ਬੀ ਰਾਜੇ ਨਾਲ ਅਤਿ ਪਿਆਰ ਸੀ। ਇਕ ਦਿਨ ਰਾਣੀ ਬਾਹਰ ਖੜੀ ਸੀ ਤਾਂ ਹੀਰਾ ਮ੍ਰਿਗ ਲੰਘਿਆ। ਓਨ ਕਿਹਾ 'ਰਾਣੀਏ ਸੰਭਲ ਟੁਰ, ਰੂਪ ਦਾ ਗਰਬ ਨਾ ਕਰ'। ਰਾਣੀ ਨੂੰ ਗੁੱਸਾ ਲੱਗਾ। ਘਰ ਆਇਆਂ ਰਾਜੇ ਨੂੰ ਬੋਲੀ ਕਿ 'ਹੀਰਾ ਮ੍ਰਿਗ ਮੈਨੂੰ ਬੋਲੀ ਮਾਰ ਗਿਆ ਹੈ ਉਸ ਨੂੰ ਮਾਰ ਲਿਆਓ'। ਗੱਲ ਕੀ ਰਾਜਾ ਮ੍ਰਿਗ ਮਾਰ ਲਿਆਇਆ। ਮ੍ਰਿਗ ਦੇ ਮਰਨ ਵੇਲੇ ਉਸਦੀ ਵਹੁਟੀ 'ਗਲਤਾਂ' ਨੇ ਸ੍ਰਾਪ ਦਿੰਤਾ ਕਿ 'ਰਾਜਾ! ਤੇਰੀ ਰਾਣੀ ਬੀ ਮੇਰੇ ਵਾਂਗੂੰ ਪਤੀ ਵਿਜੋਗ ਦਾ ਦੁਖ ਪਾਏਗੀ, ਜਿਸਦੇ ਕਹੇ ਤੂੰ ਮੇਰੇ ਪਤੀ ਨੂੰ ਮਾਰਿਆ ਹੈ। ਘਰ ਆਉਂਦਿਆਂ ਰਾਹ ਵਿੱਚ ਰਾਜ ਨੇ ਇਕ ਇਸਤ੍ਰੀ ਸਤੀ ਹੁੰਦੀ ਦੇਖੀ ਸੀ, ਘਰ ਆਕੇ ਉਸ ਸਤੀ ਦੀ ਮਹਿੰਮਾ ਰਾਜੇ ਨੇ ਕੀਤੀ, ਤਾਂ ਰਾਣੀ ਨੇ ਕਿਹਾ 'ਓਹ ਸਤੀ ਨਹੀਂ ਜੋ ਨਾਲ ਸੜ ਮਰਦੀ ਹੈ, ਪਰ ਮਹਾ ਸਤੀ ਓਹ ਹੈ ਜੋ ਪਤੀ ਦਾ ਮਰਨਾ ਸੁਣੇ ਤੇ ਸੁਣਨ ਸਾਰ ਮਰ ਜਾਏ'। ਰਾਜੇ ਨੂੰ ਹੈਰਾਨੀ ਹੋਈ, ਅਰ ਓਹ ਫੇਰ ਸ਼ਿਕਾਰ ਚਲਾ ਗਿਆ ਤੇ ਜਾਕੇ ਆਪਣੇ ਮਰਨ ਦਾ ਝੂਠਾ ਸੁਨੇਹਾ ਘੱਲਿਆ। ਸੁਨੇਹਾ ਲਿਆਉਣ ਵਾਲੇ ਨੇ ਰਾਣੀ ਅਗੇ

---

੧. 'ਟਾਡ' ਬੀ ਇਹੋ ਨਾਮ ਲਿਖਦੇ ਹਨ।

੨. ਸ਼ਾਇਦ ਅਨੰਗਸੇਨਾ ਦਾ ਅਪਭ੍ਰੰਸ਼ ਹੋ ਗਿਆ। ਕਈ ਜੋਗੀ 'ਸ਼ਾਮ ਦੀ' ਭੀ ਗਾਉਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਲਹੂ ਲਿਬੜੀ ਪੁਸ਼ਾਕ ਰੱਖ ਦਿੱਤੀ ਤੇ ਕਿਹਾ ਰਾਜਾ ਮਰ ਗਿਆ ਹੈ। ਰਾਣੀ ਬਿਰਹੋਂ-ਚੋਟ ਨਾਲ ਮਰ ਗਈ। ਜਦ ਰਾਂਜਾ ਮੁੜ ਆਇਆ ਤਾਂ ਰਾਣੀ ਦੀ ਸਮਾਧ ਬਣਾਕੇ ਬਹਿ ਗਿਆ। ਫੇਰ ਗੋਰਖ ਨਾਥ ਆਇਆ ਉਸ ਨੇ ਹਾਂਡੀ ਭੰਨਕੇ ਰਾਜੇ ਨੂੰ ਉਪਦੇਸ਼ ਦਿਤਾ, ਫੇਰ ਗੋਰਖ ਨਾਥ ਨੇ ਰਾਣੀ ਬੀ ਜਿਵਾਲ ਦਿੱਤੀ। ਰਾਜਾ ਵੈਰਾਗਵਾਨ ਹੋ ਗਿਆ ਸੀ, ਸੋ ਸਾਧ ਹੋਕੇ ਨਿਕਲ ਟੁਰਿਆ। ਰਾਣੀ ਦਾ ਸਮਝਾਉਣਾ ਉਸਦਾ ਆਪਣਾ ਪੁੱਤ੍ਰ ਹੀਨ[੧] ਤੇ ਇਕੱਲੀ ਹੋਣਾ, ਰਾਜ ਦਾ ਵਾਰਸ ਨਾ ਹੋਣਾ ਅਨੇਕ ਤਰਲੇ ਕੀਤੇ ਪਰ -

**ਬੱਧੇ ਕਦੀ ਨਾ ਰਹਿ ਸਕੇ ਪੰਛੀ ਤੇ ਦਰਵੇਸ਼॥**

ਇਹ ਕਥਾ ਲਗ ਪਗ ਉਹੋ ਹੈ ਜੋ ਮਿਥਲ ਲਿਪੀ ਦੇ ਨਾਟਕ ਵਿਚ ਹੈ, ਜ਼ਰਾ ਜ਼ਰਾ ਫਰਕ ਹਨ, ਪਰ ਪੰਜਾਬੀ ਕਵਿਤਾ ਇਸ ਗੀਤ ਵਿਚ ਕੁਛ ਚੰਗੇ ਸੁਆਦ ਤੇ ਕਟਾਖਜਾਂ ਵਾਲੀ ਹੈ ਅਰ ਗਾਉਣੇ ਵਿਚ ਸੰਗੀਤਕ ਤਰਜ਼ ਵੈਰਾਗ ਮਈ ਹੈ, ਇਸ ਕਰਕੇ ਅਸੀਂ ਇਹ ਗੀਤ ਹੇਠਾਂ ਦੇਂਦੇ ਹਾਂ ਕਿ ਏਹ ਪੰਜਾਬੀ ਸਾਹਿੱਤ ਦੀ ਇਕ ਸ਼ੈ ਕ਼ਾਇਮ ਰਹਿ ਜਾਵੇ। ਅੱਡ ਅੱਡ ਥਾਵਾਂ ਦੇ ਜੋਗੀ ਫਕੀਰ ਇਹ ਕੁਛ ਕੁਛ ਫ਼ਰਕ ਤੇ ਗਾਉਂਦੇ ਹਨ। ਅਸੀਂ ਇਹਨੂੰ ਅੱਡ ਅੱਡ ਅੰਗਾਂ ਵਿਚ ਰੱਖਦੇ ਹਾਂ, ਜੇ ਕਦੇ ਰਤਾ ਕੁ ਛੁਹਿਆ ਜਾਵੇ ਅਤੇ ਇਨ੍ਹਾਂ ਦੇ ਸਿਰ ਤੇ ਝਾਕੀਆਂ ਲਿਖ ਦਿੱਤੀਆਂ ਜਾਣ ਤਾਂ ਇਹ ਨਾਟਕ ਸਾਰਾ ਬਣ ਸਕਦਾ ਹੈ, ਕਿਉਂਕਿ ਗੀਤ ਲਗ ਪਗ 'ਬਾਤ ਚੀਤ' ਹੈ।

---

੧. ਨਿਰਵੇਦ ਨਾਟਕ ਵਿਚ ਪੁੱਤ ਦਸਿਆ ਹੈ।

੨. ਗਾਉਣ ਦੀ ਬਿਧਿ:-ਰਾਗ ਪਹਾੜ। ਤਾਰ-ਚੰਚਲਧਮਾਰ (ਯਾ ਗੀਤ)
ਗ ਗ ਗ ਰੇ ਰੇ ਸ ਗ ਗ ਗਗ ਰੇ ਸਾ ਸਾ ਰੇ ਰੇ ਰੇ
ਸੁਣ ਰਾਜਾ ਮੇਰੀ ਬਾਤ ਅਲਖ ਜਪੋ ਭੋਲੇ ਜੀ ਨਾਥ ਦਾ

Sri Satguru Jagjit Singh Ji eLibrary NamdhariElibrary@gmail.com

੧. ਰਾਜੇ ਦੇ ਪਾਸ ਇਕ ਪੰਡਤ ਆਇਆ ਤੇ ਬੋਲਿਆ :-
'ਸ਼ਿਵਜੀ ਭਰੇਗਾ ਭੰਡਾਰ', ਬੋਲੇ ਰਾਜਾ-'ਪੰਡਤਾ! ਕੀ ਕਹੇਂ?'

ਪੰਡਤ— ਸੁਣ ਰਾਜਾ ਮੇਰੀ ਬਾਤ, ਅਲਖ ਜਪੋ ਭੋਲੇ ਜੀ ਨਾਥ ਦਾ[2]।
ਰਾਜਾ— ਸੁਣ ਪੰਡਤ ਮੇਰੀ ਬਾਤ, ਪੁਤਰ ਧੁਰੋਂ ਇੱਕ ਜੀ ਆ ਮਿਲੇ।
ਪੰਡਤ— ਸੁਣ ਰਾਜਾ ਮੇਰੀ ਬਾਤ, ਲਿਖਿਆ ਨਸੀਬੇ ਨਹੀਂ ਪੁਤ ਹੈ।
ਰਾਜਾ— ਸੁਣ ਪੰਡਤ ਮੇਰੀ ਬਾਤ, ਲਿਖੀਆਂ ਕਲਾਮਾਂ ਕਿਵੇਂ ਮੋੜਦੇ।
ਪੰਡਤ— ਸੁਣ ਰਾਜਾ ਮੇਰੀ ਬਾਤ, ਧੁਰ ਦਾ ਲਿਖਿਆ ਨ ਕਦੇ ਬੀ ਮੁੜ
ਰਾਜਾ— 'ਬਹੁਤਾ ਦੇਸਾਂ ਇਨਾਮ'। ਕੱਢ ਕੁਸਲ ਪੱਤਰੀ ਵਾਚਦਾ।
ਪੰਡਤ— ਸੁਣ ਰਾਜਾ ਮੇਰੀ ਬਾਤ, ਧੁਰ ਦਾ ਲਿਖਜਾ ਰਾਜਾ ਇਉਂ ਮਿੱਟਸੀ:
ਮੁੜਕੇ ਜਨਮੇਗੀ ਮਾਉਂ, ਬਾਰਾਂ ਬਰਸ ਰਾਜਿਆ ਰਾਜ ਸੀ[1]।
ਲੈਗਾ ਜੋਗੁ ਕਮਾਇ, ਬਾਰਾ ਵਰਹੀਂ ਰਾਜਾ ਹੋ ਭਰਥਰੀ।

੨. ਬੇੜਾ ਹੋ ਗਿਆ ਪਾਰ, ਹੱਛੀ ਘੜੀ ਰਾਜਾ ਓ ਜੰਮਿਆਂ।
ਚੰਦ ਕੌਰਾਂ ਜੀ ਮਾਂਇ, ਕੁੱਖੋਂ ਜਿਦ੍ਹੇ ਭਰਥਰੀ ਜੰਮਿਆਂ।
ਗਊਆਂ ਕੀਤੀਆਂ ਦਾਨ, ਭੋਰੇ ਲੁਟਾਏ ਰਾਜੇ ਨੇ ਮਾਲ ਦੇ।
ਬਾਰਾਂ ਬਰਸਾਂ ਦਾ ਪੂਤ, ਹੋਇਆ ਜਦੋਂ ਰਾਜਾ ਓ ਭਰਥਰੀ।
ਹੋਇਆ ਵਿਆਵਣਹਾਰ, ਪਹਿਲਾਂ ਵਿਆਹੀ ਰਾਣੀ ਨੀਸਾਂਗਦੀ।
ਪਿੱਛੋਂ ਪਿੰਗਲਾਂ ਵੇ ਨਾਰ, ਡੋਲਾ ਲਿਆ ਵਿਆਹਕੇ ਭਰਥਰੀ।
ਆਂਦਾ ਵਿੱਚ ਉਜਾੜ, ਬਾਰਾਂ ਕੋਹਾਂ ਦੀ ਓਜਾੜ ਹੈ।
ਦਿੱਤਾ ਧੌਲਰ ਪੁਆਇ, ਏਥੇ ਵੱਸੇ ਰਾਣੀ ਓ ਪਿੰਗਲਾਂ।
ਰਾਜਾ ਲਾਡ ਓ ਲਡਾਇ, ਮੋਹਤ ਰਹੇ ਰਾਣੀ ਓ ਪਿੰਗਲਾਂ।
ਰਾਜਾ ਖੇਡੇ ਸ਼ਿਕਾਰ, ਰਾਣੀ ਪਈ ਖੇਡਦੀ ਧੌਲਰੀਂ।

---

੧. ਏਸ਼ੀਆਟਿਕ ਰੀਸਰਚਸ ਵਿੱਚ ੧੪ ਬਰਸ ਰਾਜ ਕਰਨ ਲਿਖਿਆ ਹੈ।

Sri Satguru Jagjit Singh Ji eLibrary NamdhariElibrary@gmail.com

ਆਈ ਮਿਰਗਾਂ ਦੀ ਡਾਰ, ਹੀਰਾ ਮਿਰਗ ਰਾਣੀ ਨੂੰ ਹੱਸਿਆ[੧]।
ਰਾਣੀ ਤੱਕਦੀ ਹਰਾਨ, ਜਾਂਦਾ ਜਾਂਦਾ ਮਿਰਗ ਓ ਬੋਲਦਾ :-

ਮ੍ਰਿਗ— ਸੁਣ ਰਾਣੀ ਮੇਰੀ ਬਾਤ, ਸੂਰਤ ਗਰਬ ਨ ਕਦੇ ਕੀਜੀਏ।
ਜੀਉਣਾ ਹੈ ਦਿਨ ਚਾਰ, ਓੜਕ ਮੇਲੇ ਰਾਣੀਏਂ ਹੋਣਗੇ
ਖ਼ਾਕ ਨਿਮਾਣੀ ਦੇ ਨਾਲ, ਪਹਿਨੇ ਜ਼ਰੀ ਬਾਦਲੇ ਕੱਪੜੇ।
ਖ਼ਾਕੂ ਜੇਡ ਨਾ ਕੋਇ, ਖ਼ਾਕ ਨਿਮਾਣੀ ਨਾ ਨਿੰਦੀਏ[੨]।
ਜੀਉਂਦਿਆਂ ਸੁਖ ਦੇਇ, ਮੋਇਆ ਖਾਕ ਨੀ ਹੋਵਣਾ।
ਗਈ ਬੋਲੀ ਏ ਖਾਇ, ਬੋਲੇ ਰਾਣੀ ਮਿਰਗ ਨੂੰ, ਕੀ ਕਹੇ :-

ਰਾਣੀ— ਹੋਵੇਂ ਜੰਗਲ ਦਾ ਜੀਵ, ਗੱਲਾਂ ਕਰੇਂ ਮੇਰੇ ਤੂੰ ਸਾਮ੍ਹਣੇ।
ਖਰਚਾਂ ਲੱਖ ਓ ਹਜ਼ਾਰ, ਤੈਨੂੰ ਮਿਰਗਾ ਮੈਂ ਮਰਵਾਵਸਾਂ।
ਖਾਣਾ ਤਾਹੀਓਂ ਹਲਾਲ, ਪਹਿਲੇ ਤੱਕਾਂ ਤੈਨੂੰ ਮੈਂ ਮਾਰਿਆ।

ਮਿਰਗ— 'ਸੁਣੇ ਰਾਣੀ ਮੇਰੀ ਬਾਤ', ਬੋਲੇ ਮਿਰਗ ਫੇਰ ਕੀ ਆਖਦਾ :-
ਮਾਰੇਗਾ ਭਗਵਾਨ, ਜੇ ਰੱਖਣਾ, ਰੱਖਣਾ ਓਸਨੇ।
ਜੇ ਮੇਰਾ ਹੈ ਵੇ ਕਾਲ, ਰਾਜਾ ਲਊ ਮੈਨੂੰ ਓ ਮਾਰਕੇ।

੩. ਅਗੇ ਖਲੀ ਹੈ ਵੇ ਨਾਰ, ਬਾਹਰੋਂ ਜਦੋਂ ਸੀ ਆ ਗਿਆ।
ਗੁੱਸੇ ਭਰੀ ਹੈ ਓ ਨਾਰ, ਸੂਰਤ ਦੇਖੇ ਰਾਜਾ ਓ ਭਰਥਰੀ।

ਰਾਜਾ— ਕਿਉਂ ਹੋ ਰਹੀਏਂ ਉਦਾਸ? ਬੋਲੇ ਰਾਜਾ ਰਾਣੀਏਂ! ਕੀ ਕਹੇ :

ਰਾਣੀ— ਸੁਣ ਰਾਜਾ ਮੇਰੀ ਬਾਤ, ਪਕੜ ਪੱਲਾ ਰਾਜੇ ਨੂੰ ਬੋਲਦੀ :
ਗਏ ਕਲੇਜੇ ਨੂੰ ਖਾਇ, ਬੋਲ ਬੋਲੇ ਹੀਰੇ ਜੋ ਮਿਰਗ ਨੇ।
ਰੱਖੀਂ ਮੇਰੀ ਵੇ ਲਾਜ, ਮਿਰਗ ਲਿਆ ਰਾਜਿਆ ਮਾਰਕੇ।

---

੧. ਰਾਣੀ ਨੇ ਹੀਰੇ ਦੀਆਂ ਅੱਖਾਂ ਨੂੰ ਮਖ਼ੌਲ ਕੀਤਾ ਸੀ ਤਾਂ ਹੀਰਾ ਬੋਲਿਆ ਸੀ, ਪਰ ਇਹ ਹਿੱਸਾ ਕਿਸੇ ਤੋਂ ਲੱਭਾ ਨਹੀਂ।

੨. ਇਹ ਗੀਤ ਮੁਸਲਮਾਨਾਂ ਦੇ ਰਾਜ ਹੋਇਆਂ, ਗਾਲਬਨ ਫਰੀਦ ਤੋਂ ਮਗਰੋਂ ਰਚਿਆ ਗਿਆ ਜਾਪਦਾ ਹੈ, ਬੋਲੀ ਪੂਰਬੀ ਪੰਜਾਬੀ ਹੈ।

Sri Satguru Jagjit Singh Ji eLibrary NamdhariElibrary@gmail.com

ਰਾਜਾ— ਸੁਣ ਰਾਣੀ ਮੇਰੀ ਬਾਤ, ਮੈਂ ਨਾਂ ਮਿਰਗ ਹੀਰਾ ਹੈ ਮਾਰਨਾ।
ਮੈਨੂੰ ਲਗਦਾ ਏ ਪਾਪ, ਮੈਂ ਹਾਂ ਬੇਟਾ ਰਾਜ ਨੀ ਪੂਤ ਦਾ।
ਉੱਤਮ ਮੇਰੀ ਏ ਜਾਤ, ਜੇ ਨੀ ਮਨਸਾ ਰਾਣੀਏਂ ਮਾਸ ਦੀ,
ਲਿਆਵਾਂ ਦੂਹ ਦੀਆਂ ਚਾਰ, ਹਰਨੀਆਂ, ਰਾਣੀਏਂ! ਨੀ ਮਾਰਕੇ।
ਰੰਡੀ ਬਹਿ ਜਾਏ ਡਾਰ, ਹੀਰਾ ਮਿਰਗ, ਰਾਣੀਏਂ! ਮਾਰਿਆ।
ਰਾਣੀ— ਸੁਣ ਰਾਜਾ ਮੇਰੀ ਬਾਤ, ਕਾਹਨੂੰ ਬੱਧੀ ਸੀਸ ਤੇ ਪੱਗੜੀ,
ਕਾਹਨੂੰ ਲਾਏ ਹਥਜਾਰ, ਬੋਲੇ ਹੀਰਾ ਤੇਰੀ ਨਾਰ ਨੂੰ।
ਗਏ ਕਲੇਜੇ ਨੂੰ ਖਾਇ, ਬੋਲ ਬੋਲੇ ਹੀਰੇ ਓ ਮਿਰਗ ਦੇ।
ਸੁਣ ਰਾਜਾ ਮੇਰੀ ਬਾਤ, ਜੇ ਨ ਲਿਆਵੇਂ ਮਿਰਗ ਮਾਰਕੇ।
ਬਹਿ ਜਾ ਮੇਰੇ ਵੇ ਪਾਸ, ਪਹਿਨ ਤਿੰਨੇ ਮੇਰੇ ਓ ਕੱਪੜੇ;
ਪੀੜ੍ਹੇ ਬੈਠੋ ਖਾਂ ਆਇ, ਨਾਲੇ ਅਟੇਰੋ ਜੀ ਓ ਛੱਲੀਆਂ।
ਰਾਜਾ— ਸੁਣ ਲੈ ਰਾਣੀਏਂ ਬਾਤ, ਰੋਣਾ ਪਵਾ ਨਾ ਭਰੇ ਜੰਗਲੀਂ
ਰੰਡੀ ਬਹਿ ਜਾਏ ਡਾਰ, ਹੀਰਾ ਮਿਰਗ ਜੇ ਨੀ ਮੈਂ ਮਾਰਿਆ।
ਰਾਣੀ— ਸੁਣ ਰਾਜਾ ਮੇਰੀ ਬਾਤ, ਪਾਂਚੋ ਦੇ ਦੇ ਰਾਜਿਆ ਕੱਪੜੇ।
ਪਾਂਚੋ ਦੇਇ ਹਥਿਆਰ, ਘੋੜਾ ਦੇ ਦੇ ਰਾਜਿਆ ਹੇਠ ਦਾ।
ਮਰਦ ਬਣਕੇ ਮੈਂ ਆਪ, ਹੀਰਾ ਲਿਆਵਾਂਗੀ ਮੈਂ ਮਾਰਕੇ।
ਕੁਲ ਨੂੰ ਲਾਦਿਆਂ ਦਾਗ। ਬੋਲੀ ਲਗੀ ਰਾਜੇ ਓ ਭਰਥਰੀ;
ਰਾਜਾ— ਗਈ ਕਲੇਜੇ ਨੂੰ ਖਾਇ,- ਪਾਂਚੋ ਲਿਆ ਨੱਫਰ ਓ ਕੱਪੜੇ।
ਪਾਂਚੇ ਲਿਆ ਹਥਿਆਰ, ਘੋੜਾ ਲਿਆ ਗੋਰੀ ਓ ਸ਼ਾਨ ਦਾ
ਚਿੱਲੇ ਚੜ੍ਹੀਆ ਕਮਾਨ, ਤਰਗਸ਼ ਲਿਆ ਮੇਰਾ ਓਇ ਮੋਤੀਆ।
ਹੀਰੇ ਜੜੀਆ ਕਮਾਨ, ਢਾਲ ਲਿਆ ਗੈਂਦੀ ਓਇ ਸ਼ੇਰ ਦੀ।
ਨੇਜਾ ਫੁੰਮਣ ਦਾਰ, ਮਾਰਾਂ ਜਾਇ ਹੀਰੇ ਓ ਮਿਰਗ ਨੂੰ,
ਗੱਲਾਂ ਕਰੇ ਰਾਣੀ ਨਾਲ, ਚੜ੍ਹਕੇ ਰਾਣੀ ਰਾਜੇ ਨੂੰ ਬੋਲਦੀ :
ਰਾਣੀ— ਸੁਣ ਵੇ ਰਾਜਿਆ ਬਾਤ, ਜੇ ਚਲਿਓਂ ਹੀਰੇ ਸ਼ਿਕਾਰ ਨੂੰ।
ਸਿਰ ਤੇ ਰਖ ਲੈ ਦੋ ਬੈਣ, ਮਿਰਗ ਨ ਲਿਆਂਦਾ ਕਦੇ ਮਾਰਕੇ

Sri Satguru Jagjit Singh Ji eLibrary NamdhariElibrary@gmail.com

ਤੂ ਭਈਆ ਤੇ ਮੈਂ ਭੈਣ। ਜੇ ਲਿਆਂਦਾ ਮਿਰਗ ਤੂੰ ਮਾਰਕੇ
ਤੂੰ ਭਰਤਾ ਤੇ ਮੈਂ ਨਾਰ। ਬੋਲੀ ਲਗੀ ਰਾਜੇ ਓ ਭਰਥਰੀ।

੪. ਹੋਵੇ ਰਾਜਾ ਤਿਆਰ, ਚੌਂਕੀ ਡਹੇ, ਰਾਜਾ ਬਹਿ ਨ੍ਹਾਂਵਦਾ
ਪਾਣੀ ਗਰਮ ਓ ਕਰਾਇ, ਪਗੜੀ ਬੱਧੀ ਰਾਜੇ ਨੇ ਤ੍ਰੀਹ ਗਜੀ।
ਚਲਿਆ ਖੇਡਨ ਸ਼ਿਕਾਰ, ਆਖੇ ਲਗਾ ਨਾਰ ਦੇ ਭਰਥਰੀ।
ਆਇਆ ਸਾਂਦਲ ਬਾਰ, ਤਿੰਨੇ ਕੂੰਟਾਂ ਰਾਜੇ ਨੇ ਭਾਲੀਆਂ।
ਚੌਥੀ ਹਰਨਾਂ ਦੀ ਡਾਰ, ਰਾਜੇ ਡਿੱਠੀ ਦੂਰੋਂ ਸੀ ਚਰ ਰਹੀ।
ਹਰਨੀਆਂ ਨੈਣ ਉਘਾੜ, ਦੂਰੋਂ ਡਿੱਠਾ ਤਾਜੀਓ ਆਂਵਦਾ।
ਘੋੜੇ ਦਾ ਹੋ ਅਸਵਾਰ, ਦੂਰੋਂ ਡਿੱਠਾ ਡਾਰ ਨੇ ਆਂਵਦਾ।
ਆਇਆ ਹਰਨੀ ਦੇ ਪਾਸ, ਬੋਲ ਹਰਨੀ ਰਾਜੇ ਨੂੰ ਕੀ ਕਹੇ :-

ਹਰਨੀ— ਸੁਣ ਰਾਜਾ ਮੇਰੀ ਬਾਤ, ਕੈਸੇ ਪਹਿਨੇ ਖੂਨੀ ਓਇ ਕੱਪੜੇ?
ਕੈਸੇ ਲਾ ਹਥਿਆਰ? ਮਨਸ਼ਾ ਜੇ ਹੈ ਸ਼ਿਕਾਰ ਦੀ
ਲੈ ਜਾ ਦੋ ਦੀਆਂ ਚਾਰ ਹੀਰਾ ਮਿਰਗ ਸਾਡਾ ਨਾ ਮਾਰਨਾ;
ਰੰਡੀ ਬਹਿ ਜਾਏਗੀ ਡਾਰ। ਬੋਲੇ ਰਾਜਾ ਤੈਨੂੰ ਕੀ ਕਹੇ :-

ਰਾਜਾ— ਸੁਣ ਲੈ ਹਰਨੀਏਂ ਬਾਤ, ਰੰਡੀ ਦਾ ਮੈਂ ਹੈ ਨੀ ਕੀ ਮਾਰਨਾ।
ਮੈਨੂੰ ਲਗਦਾ ਏ ਪਾਪ, ਮਾਰਾਂਗਾ ਹੀਰੇ ਤੇਰੇ ਮਿਰਗ ਨੂੰ।
ਉੱਤਮ ਮੇਰੀ ਏ ਜਾਤ, ਹਰਨੀ ਨਹੀਂ, ਹਰਨ ਮੈਂ ਮਾਰਨਾ।
ਗੱਲਾਂ ਕਰੇ ਰਾਣੀ ਨਾਲ, ਬੋਲ ਕਹੇ ਹੀਰੇ ਨੇ ਪਿੰਗਲਾਂ।

ਹਰਨੀ— ਸੁਣ ਵੇ ਰਾਜਿਆ ਬਾਤ, ਅੱਕ ਦੀ ਨ ਖਾਈਏ ਕਦੇ ਖੱਖੜੀ,
ਸੱਪ ਦਾ ਖਾਈਏ ਨ ਮਾਸ, ਨਾਰ ਨ ਕਰੀਏ ਰਾਜਾ ਲਾਡਲੀ।
ਜਦ ਕਦ ਕਰੇਗੀ ਵਿਨਾਸ, ਖੰਡਾ ਵਿੰਨ੍ਹੇ ਸੀਸ ਓਇ ਖਸਮ ਦਾ।
ਘੋੜਾ ਪਿੜ ਵਿਚ ਨ ਜਾਇ, ਰਣ ਵਿਚ ਤਾਜੀ ਕਾਹਨੂੰ ਛੱਡੀਏ
ਪੇਟ ਪਈ ਤਲਵਾਰ। ਸਿਫਤ ਕਰੋ ਭੋਲਾ ਓ ਨਾਥ ਦੀ।
ਜੇ ਉਤਾਰੇਗਾ ਭਾਰ, ਝੂਠੀ ਲਗੂ ਰਾਜਿਆ ਇਸਤਰੀ।

ਸਾਡਾ ਮਿਰਗਾ ਨ ਮਾਰ, ਹੋਸ਼ ਕਰੀਂ ਰਾਜਿਆ ਭਰਥਰੀ।
ਸਾਡਾ ਹੀਰਾ ਨ ਮਾਰ! ਕਾਨੀ ਕਢੀ ਰਾਜੇ ਨੇ ਸਾਰ ਦੀ,
ਲਈਆ ਤੁੰਗ ਵੈ ਚੜ੍ਹਾਇ, ਪੂਰ ਕਰ ਮਾਰੀ ਹੀਰੇ ਓ ਮਿਰਗ ਨੂੰ
ਮਿਰਗਾ ਦਾਉ ਵੇ ਬਚਾਇ, ਦੂਜੀ ਕਾਨੀ ਰਾਜੇ ਨੇ ਚਾੜ੍ਹੀਆ।
ਰਖ੍ ਗਏ ਫੇਰ ਭਗਵਾਨ। ਪਿਆਸ ਲਗੀ ਰਾਜੇ ਤੇ ਤਾਜੀਆਂ।

੫. ਆਇਆ ਵੱਲ ਤਲਾਉ, ਘੋੜੇ ਨੂੰ ਰਾਜਾ ਲਾ ਅੱਡੀਆਂ।
ਸੁਣ ਵੇ ਹੀਰਿਆ ਬਾਤ, ਹਰਨੀ ਤਦੋਂ ਮਿਰਗ ਨੂੰ ਏ ਕਹੇ :-

ਹਰਨੀ— ਸੁਣ ਮਿਰਗਾ ਮੇਰੀ ਬਾਤ, ਜਿਸ ਦਿਨ ਕਲਾਮਾਂ ਤੇਰੀਆਂ ਲਿਖੀਆਂ
ਹੁੰਦੀ ਉਸ ਦਿਨ ਮੈਂ ਪਾਸ, ਬਿਨਤੀ ਕਰਾਂ ਡਾਢੇ ਓਇ ਰੱਬ ਦੀ।
ਮੋੜ ਲਿਖਾਂਦੀ ਮੈਂ ਹੋਰ, ਲਿਖੀਆਂ ਕਲਾਮਾਂ ਨੂੰ ਵੇ ਮੇਟਦੀ।
ਹੁਣ ਤਾਂ ਇਕੋ ਈ ਰਾਹ, ਚਲ ਵੇ ਮ੍ਰਿਗਾ ਏਥੋਂ ਉਠ ਭੱਜੀਏ।
ਭੱਜੇ ਦੇਈਏ ਨ ਡਾਹ, ਰਾਜਾ ਗਿਆ ਪਾਣੀਆਂ ਪੀਣ ਨੂੰ।
ਛੋਡੋ ਜੰਗਲ ਦੇ ਵਾਸ, ਬੋਲੇ ਮ੍ਰਿਗਾ ਹਰਨੀ ਨੂੰ, ਕੀ ਕਹੇ :-

ਮਿਰਗ— ਸੁਣ ਲੈ ਹਰਨੀਏ ਬਾਤ, ਮੈਂ ਨਾਂ ਜੰਗਲ ਕਦੇ ਛੋਡਣਾ!
ਹੀਰੇ ਲਗਦੀ ਏ ਲਾਜ, ਮਰਦਾਂ ਨੂੰ ਭੱਜਣ ਹੈ ਮੇਹਣਾ।
ਮੈਨੂੰ ਡੁਬਣੇ ਦੀ ਲਾਜ, ਬੇਟਾ ਹਈ 'ਗਰਬ' ਓ 'ਸੈਨ' ਦਾ।
ਭਾਈ ਬਿਕਰਮਾ ਜੀਤ, ਨਾਉਂ ਉਹਦਾ ਹੈਗਾ ਈ ਭਰਥਰੀ।
ਭੱਜਿਆ ਭੱਜਣ ਨ ਦੇਇ, ਤੀਰ ਸਟੇ ਹੈ ਰਾਜਾ ਅੱਗ ਦੇ।

੬. ਰਾਜੇ ਮੋੜੀ ਮੁਹਾਰ, ਤਾਲੋਂ ਪਾਣੀ ਰਾਜੇ ਨੇ ਡਾਹ ਲਿਆ।
ਤਾਜੀ ਘੱਤੇ ਨੀ ਰਾਹ, ਮਾਰ ਚੁੰਗੀ ਹੀਰਾ ਨੀ ਚੱਲਿਆ।
ਮਗਰੇ ਘੋੜਾ ਲਗਾਇ, ਕਾਨੀ ਕੱਢੀ ਰਾਜੇ ਨੇ ਸਾਰ ਦੀ।
ਲਈਆਂ ਤੁੰਗ ਚੜ੍ਹਾਇ, ਪੂਰ ਕਰ ਮਾਰੀ ਹੀਰੇ ਓ ਮਿਰਗ ਨੂੰ।
ਮਿਰਗ ਦਾ ਵੇ ਬਚਾਇ। ਦੂਜੀ ਕਾਨੀ ਰਾਜੇ ਨੇ ਮਾਰੀਆਂ।
ਗਈ ਕਲੇਜੇ ਨੂੰ ਖਾਇ, ਕਾਨੀ ਲਗੀ ਓ ਹੀਰੇ ਮਿਰਗ ਨੂੰ।

Sri Satguru Jagjit Singh Ji eLibrary NamdhariElibrary@gmail.com

ਡਿੱਗਾ ਗਿੜ ਓ ਗੜਾਇ, ਡਿਗਦਾ ਓ ਡਿਗਦਾ ਮਿਰਗ ਇਉਂ ਬੋਲਦਾ:

ਮ੍ਰਿਗ— ਰਾਣੀ ਮੰਤ੍ਰ ਪੜ੍ਹਾਇ, ਰੰਡੀ ਕਰੀ ਰਾਜਿਆ ਡਾਰ ਤੂੰ।
ਸੁਣ ਵੇ ਰਾਜਿਆ ਬਾਤ, ਸਿੰਗ ਦੇਵੇਂ ਮੇਰੇ ਦੇ ਨਾਥ ਨੂੰ,
ਦਰ ਦਰ ਅਲਖ ਜਗਾਇ; ਪੋਸ਼ ਦੇਣਾ ਨੰਗੇ ਓ ਸਾਧ ਨੂੰ
ਬਹੇਗਾ ਆਸਣ ਲਗਾਇ। ਖੁੰਡੀਆਂ[1] ਦਈਂ ਗਾਜ਼ੀ ਓ ਮਰਦ ਨੂੰ,
ਮਦਾਨੋਂ ਆਵੇ ਨ ਹਾਰ; ਨੈਣ ਦੇਈਂ ਰਾਣੀ ਓ ਪਿੰਗਲਾਂ,
ਜਿਸਨੇ ਘੱਲਿਆ ਸ਼ਿਕਾਰ; ਮਾਇਆ ਦਿੱਤੀ ਰਾਜਿਆ ਸ਼ੂਮ ਨੂੰ,
ਨਾ ਵੇ ਖਰਚੇ ਨ ਖਾਇ। ਐਨੇ ਬਚਨ ਮਿਰਗ ਓ ਬੋਲਕੇ
ਜਾਵੇ ਸੁਰਗ ਸਮਾਇ, ਬੋਲੇ ਹਰਨੀ ਰਾਜਿਆ, ਕੀ ਕਹੇ :-

ਹਰਨੀ— ਸੁਣ ਵੇ ਰਾਜਿਆ ਬਾਤ! ਸਦਾ ਨ ਮੰਮਟ ਓਇ ਮਾੜੀਆਂ।
ਸਦਾ ਨ ਬਾਗੋ ਬਹਾਰ, ਜੈਸੀ ਰੰਡੀ ਨੂੰ ਮੈਨੂੰ ਕਰ ਗਿਓਂ,
ਬਹਿ ਜਾਇ ਘਰ ਦੀ ਤੈਂ ਨਾਰ, ਅਜਬ ਤਮਾਸ਼ਾ ਤੂੰ ਏ ਦੇਖਣਾ।

੭. ਲੈਕੇ ਹੀਰਾ ਸ਼ਿਕਾਰ, ਰਾਜਾ ਘਰਾਂ ਨੂੰ ਤਦੋਂ ਟੁਰ ਪਿਆ।
ਰੋਂਦੀ ਛੱਡੀ ਓ ਡਾਰ, ਰਸਤੇ ਤਮਾਸ਼ਾ ਅਜਬ ਉਸ ਡਿੱਠਾ।
ਸੇਉਤੀ[2] ਹੁੰਦੀ ਸੀ ਨਾਰ, ਚੜ੍ਹਦੀ ਚਿਖਾ ਨਾਲ ਸੀ ਕੰਤ ਦੀ।
ਸੇਉਤੀ ਹੁੰਦੀ ਏ ਨਾਰ, ਵੇਖ ਤਮਾਸ਼ਾ ਰਾਜਾ ਤੁਰ ਪਿਆ।
ਆਇਆ ਰਾਣੀ ਦੇ ਪਾਸ। ਐ ਲੈ ਰਾਣੀ ਮਿਰਗ ਮੈਂ ਮਾਰਿਆ।
ਆਂਦਾ ਤੇਰੇ ਹੈ ਪਾਸ। ਬੋਲੇ ਰਾਣੀ ਰਾਜਿਆ ਕੀ ਕਹੇ :-

ਰਾਣੀ— ਤੂੰ ਭਰਤਾ ਵੇ ਮੈਂ ਨਾਰ, ਚੰਗਾ ਕੀਤਾ ਮਿਰਗ ਵੇ ਮਾਰਿਆ।
ਰੱਖੀ ਮੇਰੀ ਊ ਲਾਜ, ਸਦਕੇ ਤੇਰੇ ਰਾਜਿਆ, ਪਿੰਗਲਾਂ।

ਰਾਜਾ— ਸੁਣ ਲੈ ਰਾਣੀਏਂ ਬਾਤ, ਅਜਬ ਤਮਾਸ਼ਾ ਮੈਂ ਅੱਜ ਡਿੱਠਾ।
ਸੇਉਤੀ ਵੇਖੀ ਹੈ ਨਾਰ, ਸੜਦੀ ਚਿਖ਼ਾ ਆਪਣੇ ਕੰਤ ਦੀ।

---

੧. ਸੁੰਮ। ੨. ਸਤੀ।

Sri Satguru Jagjit Singh Ji eLibrary NamdhariElibrary@gmail.com

ਰਾਣੀ— ਸੇਉਤੀ ਉਹ ਨਹੀਂ ਨਾਰ, ਉਸਨੂੰ ਸਤੀ ਕਾਹਨੂੰ ਵੇ ਸੱਦੀਏ।
ਓ ਮਹਾਂ ਸਤੀ ਨਾਰ, ਹਠ ਕਰ ਚਿਖਾ ਤੇ ਓਹ ਚੜ ਗਈ।
ਅੰਦਰ ਮਰ ਜਾਏ ਨਾਰ, ਬਾਹਰ ਜਦੋਂ ਕੰਤ ਵੇ ਹੈ ਮਰੇ।
ਰਾਜਾ— ਕਰੜੀ ਹੈ ਏ ਸਾਰ, ਐਸੀ ਮੁਹੱਬਤ ਕਦੇ ਹੋਵਣੀ।
ਰਾਣੀ— ਬਿਰਹੋਂ ਖਾਏ ਜਾਂ ਨਾਰ, ਅੱਗ ਨ ਬਾਹਰੋਂ ਪਵੇ ਲੱਭਣੀ।
ਖਲਕਤ ਵੇਖੇ ਗੀ ਆਇ, ਬਾਹਰ ਸਮਾ ਜਾਇ ਜੇ ਭਰਥਰੀ।
ਘਰ ਸਮਾ ਜਾਏ ਨਾਰ, ਮੁਹੱਬਤ ਤਦੋਂ ਏਸ ਨੂੰ ਆਖੀਏ।

੮. ਸੁਣਕੇ ਰਾਜਾ ਏ ਬਾਤ, ਪਰਤ ਵਾਗਾਂ ਜੰਗਲੀਂ ਮੁੜ ਗਿਆ।
ਆਇਆ ਸ਼ਹਿਰੋਂ ਓ ਬਾਹਰ, ਦੋ ਚਾਰ ਮਾਰੇ ਕਿਤੇ ਹਰਨੀਆਂ।
ਦਿੱਤੇ ਲਹੂ ਓ ਰੰਗਾਇ, ਘੱਲੇ ਨਫਰ ਨੂੰ ਓ ਦੇ ਕੱਪੜੇ।
ਭਿੱਜੇ ਰੱਤੂ ਦੇ ਨਾਲ, ਲੈਂ ਕੱਪੜੇ ਪਾਜੀ[1] ਓ ਭਗ ਚਲੈ।
ਆਏ ਪਿੰਗਲਾਂ ਦੇ ਪਾਸ, ਐਲੈ ਰਾਣੀਏ! ਰਾਜਾ ਹੈ ਮਰ ਗਿਆ।
ਰੱਤੂ ਭਿੰਨੇ ਲਿਬਾਸ, ਲਿਆਂਦੇ ਸ਼ਤਾਬੀ ਰਾਣੀ ਪਿੰਗਲਾਂ।
ਪਾਸ ਸੇਜਾ ਦੇ ਆਇ, ਫੁਲ ਡਿੱਠੇ ਰਾਜੇ ਦੀ ਪੱਗ ਦੇ।
ਸੋ ਤਾਂ ਗਏ ਕਮਲਾਇ, ਲੈਕੇ ਹੌਕਾ ਵੇ ਡਿੱਗ ਪਈ।
ਡਿੱਗੀ ਗਿੜ ਓ ਗਿੜਾਇ, 'ਮਰ ਗਿਆ ਭਰਥਰੀ' ਆਖਦੇ,
'ਘਰ ਵਿਚ ਮੋਈ ਹੈ ਨਾਰ 'ਰਾਜਾ' ਕਹਿਣ 'ਜੰਗਲੀਂ ਮਰ ਗਿਆ'
ਆਏ ਲੋਕੀਂ ਹਜ਼ਾਰ, ਲੱਕੜ ਕੱਟੀ ਲੋਕਾਂ ਨੇ ਜੋੜਕੇ।
ਕੀਤੀ ਚਿਖਾ ਓ ਤਿਆਰ, ਲੰਬੂ ਦੇ ਕੇ ਪਾਜੀ ਓ ਭਗ ਚਲੇ।

ਰਾਜਾ— ਆਏ ਰਾਜੇ ਦੇ ਦੁਆਰ :- ਕਰਨੀ ਕਰੀ, ਰਾਜਿਆ ਨਾ ਡਰੋ।
ਰਾਣੀ ਸੁਰਗਾਂ ਜੇ ਦੁਆਰ, ਤੁਰ ਜੋ ਗਈ ਕੱਪੜੇ ਵੇਖਦੀ।
ਕਰਕੇ ਪੱਛੋ ਨ ਤਾਇ, ਰਾਜਾ ਜੀ ਦੁਖ ਹੈ ਨਹੀਂ ਪਾਵਣਾ।

---

੧. ਨੌਕਰ, ਫਰੇਬੀ ਨੌਕਰ।

Sri Satguru Jagjit Singh Ji eLibrary NamdhariElibrary@gmail.com

ਹੱਥੀਂ ਦਿੱਤੀ ਮਰਵਾਇ, ਪਿੰਗਲਾਂ ਜੇਹੀਆਂ ਕਦੇ ਓ ਰਾਣੀਆਂ।
ਰਾਜਾ ਹੋਇਆ ਉਦਾਸ, ਖਲੜੀ ਲਈ ਕਾਲੇ ਓ ਮਿਰਗ ਦੀ।
ਮੜ੍ਹੀ ਰਾਣੀ ਦੇ ਪਾਸ, ਬੈਠ ਗਿਆ 'ਪਿੰਗਲਾਂ' ਆਗਦਾ।
ਗੁਜਰੇ ਬਾਰਾਂ ਹੈ ਮਾਸ, 'ਪਿੰਗਲਾਂ ਪਿੰਗਲਾਂ[੧]' ਓ ਕਰੇ।

੯. ਗੁਜਰੇ ਬਾਰਾਂ ਹੈਂ ਮਾਸ, ਟਿਲਿਓਂ ਗੁਰੂ ਆਪ ਜੀ ਟੁਰ ਪਿਆ।
ਆਇਆ ਨਗਰੀ ਦੇ ਪਾਸ, ਗੋਰਖ ਗੁਰੂ ਨਾਥ ਹੈ ਆ ਗਿਆ।
ਦਿੱਤੀ ਅਲਖ ਜਗਾਇ, ਘਰ ਘੁਮਿਆਰਾਂ ਦੇ ਆ ਗਿਆ।

ਗੋਰਖ— ਸ਼ਿਵਜੀ ਭਰੇਗਾ ਭੰਡਾਰ, ਤੌੜੀ ਕਚੀ ਸਾਨੂੰ ਓਇ ਭੇਜਣੀ।
ਦੇਣੀ ਸ਼ਿਵਜੀ ਦੇ ਨਾਇ[੨] ਕੱਚੀ ਤੌੜੀ ਗੁਰਾਂ ਨੇ ਲੈ ਲਈਆਂ।
ਆਇਆ ਭਰਥਰੀ ਪਾਸ, ਓਹੋ ਤੌੜੀ ਗੁਰਾਂ ਨੇ ਭੰਨ ਦਿਤੀ।
ਤੌੜੀ ਸਿੱਟੀ ਆ ਭੰਨ, 'ਤੌੜੀ ਤੌੜੀ' ਗੁਰੂ ਪੁਕਾਰਦੇ।
ਰੌਂਦੇ ਤੌੜੀ ਭੰਨਾਇ, ਵੈਣ ਸੁਰਾਂ ਪਾ ਲਏ ਕਹਿਰ ਦੇ।
ਰੋਵਣ ਸਾਂਗਾਂ ਲਗਾਇ, ਰਾਜਾ ਸੀ ਰੋਵੇ ਜਿਵੇਂ ਪਿੰਗਲਾਂ।
ਰਾਜਾ ਗੁੱਸਾ ਏ ਖਾਇ, ਫੜਕੇ ਫਹੌੜੀ ਗੁਰੂ ਨੂੰ ਜਾ ਪਿਆ।

ਰਾਜਾ— ਮੇਰੀਆਂ ਸਾਂਗਾਂ ਲਗਾਇ, ਤੇਰੀ ਭੱਜੀ ਕੱਚੀ ਓ ਤਾਉੜੀ!
ਮੇਰੀ ਮਰ ਜਾਇ ਨਾਰਿ, ਸਾਂਗਾਂ ਲਗਾਵੇਂ ਤੂੰ ਓਇ ਫੁਕਾਰਿਆ।
ਲੈ ਲੈ ਦੋਹ ਦੀਆਂ ਚਾਰ, ਜਿੰਨੀਆਂ ਕਹੇਂ ਲੈਂਦਿਆਂ ਤੌੜੀਆਂ।

ਗੋਰਖ— ਸੁਟੀਆ ਰਾਣੀ ਤੂੰ ਮਾਰ, ਬੋਲੇ ਗੁਰੂ ਭਰਥਰੀ ਕੀ ਕਹੇ :-
ਆਪੇ ਸੱਟੀ ਆ ਮਾਰ, ਪਿੰਗਲਾਂ ਜੇਹੀਆਂ ਕਿਥੋਂ ਓ ਰਾਣੀਆਂ ?

---

੧. ਟਾਡ ਰਾਜਸਥਾਨ ਵਿਚ ਬੀ ਲਿਖਿਆ ਹੈ ਕਿ 'ਹਾਇ ਪਿੰਗਲਾ ਹਾਇ ਪਿੰਗਲਾ' ਰਾਜਾ ਕਰਦਾ ਰਹਿ ਗਿਆ।

੨. ਕਈ ਯੋਗੀ 'ਨਾਮੇ ਖੁਦਾਇ' ਗਾਉਂਦੇ ਹਨ, ਕਾਰਨ ਸ਼ਾਇਦ ਇਹ ਹੈ ਕਿ ਕਿਤੇ ਯੋਗੀ ਮੁਸਲਮਾਨ ਹੋ ਗਏ ਯਾ ਮੁਸਲਮਾਨ ਫਕੀਰਾਂ ਨੇ ਗੀਤ ਕੰਠ ਕਰ ਲਿਆ ਹੈ, ਗਾਉਣ ਵਿਚ ਇਨ੍ਹਾਂ ਦੇ ਮੂੰਹ ਚੜ੍ਹੇ ਮੁਸਲਮਾਨੀ ਮੁਹਾਵਰੇ ਰਲ ਗਏ ਹਨ।

Sri Satguru Jagjit Singh Ji eLibrary NamdhariElibrary@gmail.com

ਸਸਤੀ ਤੌੜੀ ਤੋਂ ਜਾਣ, ਆਪੇ ਮਾਰੀ ਰਾਜਿਆ ਪਿੰਗਲਾਂ।
ਹੁਣ ਬੀ ਤੌੜੀ ਹੀ ਜਾਣ, ਸ਼ੋਕ ਕਰੇਂ ਰਾਜਿਆ ਕਾਸਨੂੰ।
ਦਿੱਤੀ ਅਲਖ ਜਗਾਇ, ਪਹਿਲਾ ਛੱਟਾ ਗੁਰਾਂ ਨੇ ਮਾਰਿਆ।
ਭਰਥਰੀ— ਕਦਮੀ ਲੱਗਾ ਏ ਆਨ, 'ਜੇ ਤੂੰ ਗੁਰੂ ਮੇਰਾ ਹੈਂ ਸੱਚ ਦਾ।
'ਰਾਣੀ ਮੇਰੀ ਦੇ ਪ੍ਰਾਣ, ਮੋਈ ਜਿਵਾ ਦੇ ਗੁਰੂ ਸਚਿਆ।'
ਗੋਰਖ— ਕਰੀਏ ਲੱਖਾਂ ਉਪਾਇ, ਮੋਏ ਜਿੰਦਾ ਬੱਚਾ ਨ ਹੋਣਗੇ।
ਭਰਥਰੀ— 'ਦੇਵੋ ਰਾਣੀ ਜਿਵਾਇ।' ਪੈਰੀਂ ਪਿਆ ਰਾਜਾ ਹੈ ਨਾਥ ਦੇ।
ਗੋਰਖ ਮਾਰੀ ਹੈ ਫੂਕ, ਨੈਣਾਂ ਦਾ ਜੋੜਾ ਗੁਰਾਂ ਬੰਨ੍ਹਿਆ।
ਓਥੋਂ ਉੱਡੀ ਹੈ ਖਾਕ, ਦੂਜਾ ਛੱਟਾ ਗੁਰਾਂ ਨੇ ਮਾਰਿਆ।
ਤੀਏ ਪੈ ਗਏ ਨੀ ਸਾਸ, ਰਾਣੀ ਜਿੰਦਾ ਓਦੋਂ ਹੀ ਹੋ ਗਈ!
ਰਾਣੀ— ਕਦਮੀ ਲਗਦੀ ਏ ਆਣ, ਆਖੇ ਜਿੰਦਾ ਮਿਰਗ ਨੂੰ ਕਰ ਦਿਓ।
ਵੱਗੀ ਜਿਸ ਦੀ ਏ ਮਾਰ, ਖੇਤੀ ਸਾਡੀ ਏ ਉਜਾੜੀਆ।
ਗੋਰਖ— ਕਿਉ ਤੂੰ ਕੀਤਾ ਸੀ ਮਾਰ, ਤੇਰਾ ਮਿਰਗ ਨੇ ਸੀ ਕੀ ਲਿਆ?
ਤੇਰੀ ਭੰਨੀ ਸੂ ਵਾੜ, ਖੇਤੀ ਨਾ ਖਾਧੀ ਤੇਰੀ ਮਿਰਗ ਨੇ!
ਰਾਣੀ— ਭੰਨੀ ਕੋਈ ਨ ਵਾੜ, ਬੋਲਾਂ ਪਿਛੇ ਮਿਰਗ ਮੈਂ ਮਾਰਿਆ;
ਗਲਾਂ ਕਰੇ ਮੇਰੇ ਨਾਲ, ਪਹਿਲਾਂ ਛੱਟਾ ਗੁਰਾਂ ਨੇ ਮਾਰਿਆ,
ਓਥੋਂ ਉੱਡੀਏ ਖਾਕ, ਦੂਜਾ ਛੱਟਾ ਗੁਰਾਂ ਨੇ ਮਾਰਿਆ।
ਤੀਏ ਪੈ ਗਏ ਸੁਆਸ, ਓਹ ਬੀ ਮਿਰਗ ਜਿੰਦਾ ਓ ਹੋ ਗਿਆ।
ਕਦਮੀ ਲਗਦਾ ਏ ਆਣ, ਭਜਦਾ ਭੱਜਦਾ। ਗੁਰੂ ਹੈ ਆਖਦਾ:-
ਗੋਰਖ— ਬਚਿਆ ਮਿਰਗਾ! ਓ ਜਾਇ, ਭੱਜਾ ਜਾਓ ਬੱਚਾ ਮਿਰਗ ਤੂੰ!
ਜਾਹ ਤੂੰ ਸਾਂਦਲ ਓ ਬਾਰ, 'ਗਲਤਾ' ਨਾਰੀ* ਤੈਨੂੰ ਉਡੀਕਦੀ।
ਜਿਨ ਜਾਇਆ ਬਕਲਾਲ, ਨਾਲ ਉਡੀਕ ਹੈ ਓ ਮਾਉਂ ਵੇ।
ਪੈਰੀਂ ਸਿਰ ਨੂੰ ਨਿਵਾਇ, ਮਾਰ ਚੁੰਗੀ ਹੀਰਾ ਓਇ ਚੱਲਿਆ।
ਆਇਆ ਵਿੱਚ ਉਜਾੜ, ਬੋਲੇ ਹਰਨੀ ਤੈਨੂੰ ਕੀ ਵੇ ਕਹੇ-

---

* ਹਰਨੀ ਬੀ ਗਾਉਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਹਰਨੀ— ਸੁਣ ਮਿਰਗਾ ਮੇਰੀ ਬਾਤ, ਕੌਣ ਗੁਰੂ ਤੈਨੂੰ ਵੇ ਮਿਲ ਪਿਆ?
ਮਿਰਗਾ— ਮੋਇਆ ਦੇਂਦਾ ਏ ਜਿਵਾਇ, ਗੋਰਖ ਗੁਰੂ ਜੋਗ ਦਾ ਨਾਥ ਹੈ।

ਰਾਜਾ—

੧੦. ਸੁਣ ਗੁਰੂਆ ਮੇਰੀ ਬਾਤ, ਕੰਨ ਪਾੜੋ ਮੇਰੇ ਹੇ ਨਾਥ ਜੀ!
ਦੇਵੋ ਲਾਇ ਬਿਭੂਤ, ਜੋਗੀ ਕਰੋ ਨਾਥ ਜੀ ਆਪਣਾ
ਹੋਇਆ ਜਗ ਤੋਂ ਉਦਾਸ, ਬਾਰਾਂ ਵਰ੍ਹੇ ਰਾਜ ਹੈ ਭੋਗਿਆ।
ਰਚ ਜਾਂ ਸੰਤਾਂ ਦੇ ਨਾਲ ਜੋਗ ਕਮਾਵਾਂਗਾ ਮੈਂ ਨਾਥ ਜੀ।

ਗੋਰਖ— ਸੁਣ ਰਾਜਾ ਮੇਰੀ ਬਾਤ, ਜੋਗੀ ਹੋਣਾ ਭੁੰਜੇ ਹੈ ਸੋਵਣਾ।
ਘਰ ਘਰ ਪਾਣੀਏਂ ਝਾਤ, ਅਲਖ ਜਗਾਣਾ ਹੈ ਨਾਥ ਦਾ।
ਲੈਣੀ ਅੰਗ ਬਿਭੂਤ, ਦਰ ਦਰ ਭਿਖਿਆ ਰਾਜਾ ਮੰਗਣੀ।
ਦਰ ਦਰ ਝਿੜਕਾਂ ਵੇ ਖਾਇ, ਰੁਲਨਾ, ਨਿਕਾਰਿਆਂ ਹੈ ਹੋਵਣਾ।
ਜਪ ਤਪ ਜੋਗ ਕਮਾਇ, ਮੁਸ਼ਕਲ ਹੈ ਜੋਗੀ ਰਾਜਿਆ ਹੋਵਣਾ।
ਰਾਣੀ— ਰਾਣੀ ਅਰਜ਼ ਗੁਜ਼ਾਰ, ਹਥ ਬੰਨ੍ਹਕੇ ਰਾਣੀ ਹੈ ਬੋਲਦੀ :-
ਸੁਣ ਰਾਜਾ ਮੇਰੀ ਬਾਤ, ਜੇ ਮਨਸ਼ਾ ਤੈਨੂੰ ਵੇ ਜੋਗ ਦੀ,
ਕਿਸੇ ਨੀਚਾਂ ਦੇ ਜਾਇ, ਮੱਥੇ ਲੱਗਣ। ਜਾਂ ਕਿਸੇ ਨੀਚ ਦੇ
ਮੂੰਹ ਤੋਂ ਖਾਣੀ ਏਂ ਗਾਲ, ਝਿੜਕਾਂ ਤੇ ਝੰਬਾਂ ਨੀ ਸਹਿਣੀਆਂ।
ਤਾਂਤੇ ਰਾਜ ਕਮਾਇ, ਤਜ ਮਨਸ਼ਾ ਰਾਜਿਆ ਜੋਗ ਦੀ,
ਮੁਸ਼ਕਲ ਜੋਗ ਦੀ ਕਾਰ, ਦੁੱਖ ਬੜੇ ਰਾਜਿਆ ਜੋਗ ਦੇ।
ਰਾਜਾ— ਰਾਜਾ ਆਖੇ ਏ ਬਾਤ, ਰਾਜ ਕਮਾਣਾ ਨਹੀਂ ਨਾਰੀਏ!
ਛਡ ਦੇ ਪੱਲਾ ਨੀ ਆਜ, ਸਾਧੂ ਏਥੋਂ ਹੁਣ ਚਲੇ ਜਾਣਗੇ।
ਸੁਣ ਰਾਜਾ ਮੇਰੀ ਬਾਤ, ਬੋਲੇ ਰਾਣੀ ਤੈਨੂੰ, ਵੀ ਕੀ ਕਹੇ :-
ਰਾਣੀ— ਬਹਿਕੇ ਜੋਗ ਕਮਾਇ, ਗੋਦੜੀ ਸਵਾ ਦੇਨੀਆ ਪੱਟ ਦੀ।
ਏਹਨਾਂ ਮਹਿਲਾਂ ਦੇ ਪਾਸ, ਬੰਗਲਾ ਪਵਾ ਦੇਨੀਆਂ ਬਾਗ ਮੇਂ।
ਟੋਪੀ ਰਤਨਾ ਜੜਾਇ, ਜੋਗੀ ਹੋਕੇ ਰਾਜਿਆ ਨਾ ਜਈਂ।

Sri Satguru Jagjit Singh Ji eLibrary NamdhariElibrary@gmail.com

ਰਾਜਾ— ਛਡਦੇ ਛਡਦੇ ਨੀ ਨਾਰ, ਛੋਡ ਪੱਲਾ ਸਾਧੂ ਨੀ ਜਾਣ ਏ ਨੀਂ*।
ਰਾਣੀ— ਮੈਨੂੰ ਲੈ ਚੱਲ ਨਾਲ, ਭਗਵੇ ਕਰਾਂ ਰਾਜਿਆਂ ਵੇ ਕਪੜੇ।
ਮੈਂ ਜੋਗਨ ਤੇਰੀ ਨਾਰ, ਸੱਥਰ ਧੂੰਆਂ ਮੈਂ ਵੇ ਕਰਾਂ!
ਆਸਣ ਦਜਾਂਗੀ ਵਿਛਾਇ, ਭਿਛਿਆ ਲਿਆਵਾਂ ਕਦੇ ਮੰਗਕੇ।
ਮੈਨੂੰ ਰਖੀਂ ਵੇ ਪਾਸ, ਕੱਲੀ ਛੱਡੀਂ ਰਾਜਿਆ ਨਾਂ ਜਈਂ। ਈਂ*
ਰਾਜਾ— ਸੁਣ ਲੈ ਰਾਣੀਏਂ ਬਾਤ, ਅੱਗ ਲਗੇ ਤੇਰੇ ਏ ਮਹਿਲ ਨੂੰ?
ਬਾਗੀਂ ਲੱਗੇ ਬਲਾਇ, ਛੋਡ ਪੱਲਾ ਸਾਧੂ ਨੀ ਜਾਣਦੇ। ਨੀਂ।
ਇਹ ਤਾਂ ਬਣਨੀ ਨ ਬਾਤ, ਜੋਗੀ ਤੇ ਤੀਵੀ ਕਦੇ ਨਾ ਰਲੇ।
ਸਾਡੀ ਟੁਟੀ ਏ ਬਾਤ, ਹਮਾਰੇ ਸੰਗ ਰਾਣੀ ਕਿਉਂ ਚਲੇ?
ਸਾਡੀ ਧਰਮੇ ਦੀ ਮਾਤ, ਮਾਲੋ ਮੁਲਕ ਤੈਨੂੰ ਹਾਂ ਦੇ ਚਲੇ।
ਸਾਡੀ ਲਗੇ ਹੈਂ ਮਾਤ, ਛੋੜ ਪੱਲਾ ਸਾਧੂ ਨੀ ਜਾਣਏ। ਨੀਂ
ਰਾਣੀ— ਸੁਣ ਰਾਜਾ ਮੇਰੀ ਬਾਤ, ਜੇ ਸੀ ਮਨਸ਼ਾ ਤੇਰੀ ਵੇ ਜੋਗ ਦੀ।
ਕਾਹਨੂੰ ਲਜਾਯੋਂ ਵਿਆਹ, ਰਹਿੰਦੀ ਘਰੇ ਮਾਪਿਆਂ ਖੇਡਦੀ।
ਰਹਿੰਦਾ ਧਰਮ ਓ ਅਮਾਨ, ਕੰਨਿਆਂ ਰਹਿੰਦੀ ਘਰੀਂ ਵੇ ਮਾਪਿਆ।
ਮੋਤੀਆਂ ਕਰਦੀ ਬਹਾਰ, ਸੋਨਾ ਰੁਪਾ ਓਥੇ ਵੀ ਪਹਿਨਦੀ।
ਦੌਲਤ ਦੇਵਾਂ ਲੁਟਾਇ, ਭਾਹ ਵੇ ਲਾਵਾਂ ਤੇਰੇ ਮੈਂ ਰਾਜ ਨੂੰ।
ਸੁਣ ਰਾਜਾ ਮੇਰੀ ਬਾਤ, ਇਕ ਵੀ ਬਾਲਕ ਜੇ ਘਰੇ ਹੋਂਵਦਾ।
ਰਹਿੰਦਾ ਜੱਗ ਵਿਚ ਨਾਮ, ਓਸੇ ਬਾਂਲਕ ਰਾਜਿਆ ਪਾਲਦੀ।
ਰਹਿੰਦੀ ਓਸੇ ਦੀ ਛਾਉਂ, ਓਸੇ ਦੇ ਪਰਚੇ ਪਈ ਪਰਚਦੀ।
ਕੋਈ ਕਹਿੰਦਾ ਆ ਮਾਉਂ, ਮੈਂ ਵੇ ਬਲਾਵਾਂ ਪਈਂ ਲੇਂਵਦੀ।
ਬਹਿ ਨ ਪੁੱਛੀਏ ਬਾਤ, ਅਗੇ ਓਹ ਚਰਖਾ ਨਹੀਂ ਰੰਗਲਾ।
ਪਿਛੇ ਪੀੜ੍ਹਾ ਨ ਡਾਹ, ਬੈਠੀ ਨਾ ਕੀਤੀਆਂ ਰੱਜ ਗੱਲਾਂ।
ਸੁਣ ਰਾਜਾ ਮੇਰੀ ਬਾਤ, ਧਰਮੋਂ ਫਿਰੇ ਸਾਧੂ ਕਿਉਂ ਹੋ ਚਲੇ?

* ਨੀਂ, ਈਂ ਲੰਮੀ ਹੇਕ ਕਰਕੇ ਵਾਧੂ ਗਾਉਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਰਾਜਾ— ਸੁਣ ਲੈ ਰਾਣੀਏਂ ਬਾਤ, ਬਾਲਕ ਸਾਂ ਮੇਰਾ ਵਿਆਹ ਹੋ ਗਿਆ।
ਮੈਨੂੰ ਖਬਰ ਨਾ ਕਾਇ, ਲਿਖਿਆ ਲੈਣਾ ਤੱਤੀਏ ਆਪਣਾ।
ਮੇਰੀ ਕਿਸਮਤ ਵਿਚ ਨਾਂਹ, ਬਾਲਕ ਘਰੇ ਖੇਡਦਾ ਦੇਖਣਾ।
ਲੋਕਾਂ ਪਾਸ ਹਜਾਰ, ਗਲੀਆਂ ਵਿਖੇ ਰਾਣੀਏਂ ਖੇਡਦੇ।
ਮੁਲ ਨ ਵਿਕਦੇ ਬਜ਼ਾਰ, ਛੋੜਦੇ ਪੱਲਾ ਸਾਧੂ ਨੀ ਜਾਣਦੇ। ਨੀ।
ਸਾਧੂ ਬੰਨ੍ਹ ਨ ਬਹਾਲ, ਸਾਧਾਂ ਨਹੀਂ ਹੈ ਕਦੇ ਨੀਉਣਾ।
ਰਾਣੀ— ਸੁਣ ਰਾਜਾ ਮੇਰੀ ਬਾਤ, ਚੰਦ ਦੀ ਵੈਰਨ ਹੈ ਬੱਦਲੀ।
ਮੱਛੀ ਦਾ ਵੈਰੀ ਏ ਜਾਲ, ਮਰਦ ਦੀ ਵੈਰਨ ਹੈ ਨੀਂਦ ਜੀ।
ਨਿਉਣਾ ਬਹੁਤ ਨ ਠੀਕ, ਥੋੜਾ ਥੋੜਾ ਰਾਜਿਆ ਗੁੜ ਨਿਵੇਂ।
ਬਹੁਤੀ ਨਿਉਂਦੀ ਕਮਾਨ, ਮੂਰਖ ਬੰਦਾ ਰਾਜਿਆ ਨਾ ਨਿਵੇਂ।
ਨਿਉਂਦੇ ਸੁਘੜ ਸੁਜਾਨ, ਜਿਸ ਘਰ ਦੀਵਾ ਰਾਜਿਆ ਨਾ ਬਲੇ।
ਬੂਹੇ ਖੇਡੇ ਨ ਬਾਲ, ਦੱਸੋ ਵਿਚਾਰੀ ਉਹ ਕੀ ਕਰੇ?
ਮੰਦਾ ਕੀਤਾ ਨ ਬੋਲ, ਓਹਨੂੰ ਰਾਜਾ ਦਸੋ ਜੀ ਕਿਉਂ ਡੰਨੇ?
ਰਾਜਾ— ਸੋ ਡੰਨੇ ਕਰਤਾਰ, ਵਗਦਾ ਪਾਣੀ ਰਾਣੀਏਂ ਨਿਰਮਲਾ।
ਉਸਨੂੰ ਬੰਨ੍ਹੇ ਨਾ ਪਿਆਰ, ਆਏ ਸਾਧੂ ਰਾਣੀਏ ਰਮ ਚਲੇ?
ਬੱਧਾ ਗਹਿਰਾ ਨ ਹੋਇ, ਭੌਰਾਂ ਫੁਲਾਂ ਵਾਲਾ ਹੈ ਵਾਸਤਾ।
ਲਾਵੇ ਪਰਵਰਦਗਾਰ, ਫੁਲ ਸੁਕੇ ਭੌਰ ਨੀ ਉਡ ਚਲੇ। ਨੀਂ।
ਗੋਰਖ— ਬੈਠੀ ਰਹੇਗੀ ਜਮਾਤ, ਨ ਮੁੜ ਆਵਣਾ ਰਾਣੀਏ।
ਏ ਪਸਾਰੀ ਦੇ ਹਾਟ, ਪੂਰਾ ਕਿਨੇ ਹੈ ਨਾ ਤੋਲਿਆ*।
ਜੋ ਤੋਲੇ ਸੋਈ ਘਾਟ, ਛੋਡ ਦੇ ਪੱਲਾ ਰਾਣੀਏ ਜਾਣ ਦੇ।
ਰਾਣੀ— ਸੁਣ ਵੇ ਰਾਜਿਆ ਬਾਤ, ਕਿਨੂੰ ਸੌਂਪਿਆਂ ਰਾਜਿਆ ਕੁੰਜੀਆਂ?
ਕਿਸਨੂੰ ਨਗਰੀ ਦਾ ਰਾਜ, ਕੌਣ ਬਹੇ ਤੇਰੇ ਵੇ ਤਖ਼ਤ ਤੇ?
ਕੌਣ ਕਰੇਗਾ ਨਿਆਇ, ਪਰਜਾ ਨੂੰ ਪਾਲੇਗਾ, ਵੇ ਰਾਜਿਆ?

---

* ਇਥੇ ਸ਼ਕ ਪੈਂਦਾ ਹੈ ਕਿ ਗੀਤ ਦਾਦੂ ਦੇ ਸਮੇਂ ਤੇ ਮਗਰੋਂ ਦਾ ਹੈ।

Sri Satguru Jagjit Singh Ji eLibrary NamdhariElibrary@gmail.com

ਰਾਜਾ— ਸਾਹਿਬ ਸੌਂਪਜਾ ਸਮਾਜ, ਸਾਹਿਬ ਸੌਂਪੀਆਂ ਨੀ ਕੁੰਜੀਆਂ।
ਸਾਹਿਬ ਨੂੰ ਨਗਰੀ ਦਾ ਰਾਜ, ਸਾਹਿਬ ਬਹੇਗਾ ਮਿਰੇ ਤਖ਼ਤ ਤੇ
ਆਪੇ ਕਰੇਗਾ ਨਿਆਉਂ, ਛੋਡ ਦੇ ਪੱਲਾ ਸਾਧੂਆਂ, ਜਾਣਦੇ।
ਰਾਣੀ— ਸੁਣ ਵੇ ਰਾਜਿਆ, ਬਾਤ, ਏਹਨਾਂ ਬਿਨਾ ਇਹ ਹਨ ਚੌਪਟੇ।
ਰੁੱਖਾਂ ਬਾਝੋਂ ਗਿਰਾਇ, ਭਾਈਆਂ ਬਿਨਾਂ ਵੀਰਾਂ ਵੇ ਜੋੜੀਆਂ।
ਪੁਤਰ ਬਿਨਾਂ ਵੇ ਹੈ ਨਾਮ, ਮਰਦੇ ਭਾਈ ਬਾਹਾਂ ਵੇ ਭਜਦੀਆਂ।
ਧੀ ਮਰੇ ਧਿਰ ਜਾਇ, ਚਾਰੇ ਕੂੰਟਾਂ ਵੇ ਸੁੰਞੀਆਂ।
ਗੋਰਖ— ਸਮਝ ਸੁਣੋ ਮੇਰੀ ਬਾਤ, ਸਮਝ ਚਲੋ ਰਾਜਾ ਵੇ ਭਰਥਰੀ!
ਸਾਧੂ ਮਾਰਨ ਏ ਘਾਤ, ਮੱਖੀ ਮਾਇਆ ਤੇ ਓ ਇਸਤਰੀ।
ਤਿੰਨੇ ਜਾਤ ਕੁਜਾਤ*, ਜਿਥੇ ਵੇਖਣ ਸਾਧੂ ਹੈ ਸੋਹਿਣਾ।
ਓਥੇ ਦਿਨ ਤੇ ਰਾਤ, ਪਾਕੇ ਫਾਹੀ ਫੜ ਲੈਂਦੀਆਂ।
ਤਰਨੀ ਔਖੀ ਬਲਾਇ, ਨੈਂ ਰਾਜਿਆ ਇਸਤਰੀ ਸ਼ੂਕਦੀ।
ਜੋਗ ਰਖੋ ਸੰਭਾਲ, ਸਮਝ ਚਲੋ ਰਾਜਾ ਓ ਭਰਥਰੀ!
ਰਾਣੀ— ਚੱਲੇ ਜੋਗੀ ਜੁਗਾਇ, ਚਲੇ ਰੁਲਾਕੇ ਨੇਮਾਣੀਆਂ।
ਜੋਗੀ ਵਾੜਾ ਵਸਾਇ, ਜਨਮ ਵਿਛੋੜਾ ਮੈਨੂੰ ਪਾ ਚਲੇ।

-o-

ਜੋਗੀ ਲੜ ਵੇ ਛੁਡਾਇ, ਜੋਗੀ ਗਏ ਜੰਗਲੀਂ ਜੰਗਲੀਂ

-o-

ਆਈ ਛੇਜਾ ਦੇ ਪਾਸ, ਫੁਲ ਸੀ ਪਏ ਰਾਜੇ ਦੀ ਪੱਗ ਦੇ
ਸੋ ਕੁਮਲਾਏ ਸੀ ਆਇ, ਖਾਕੇ ਕਟਾਰੀ ਰਾਣੀ ਡਿਗ ਪਈ,
ਡਿੱਗੀ ਗਿੜਵੇ ਗਿੜਾਇ, ਲੋਕੀ ਕਹਿਣ 'ਮਰ ਗਈ ਪਿੰਗਲਾਂ'।

---

* ਸਾਰੀ ਇਸਤਰੀ ਜਾਤੀ ਨੂੰ ਨਿੰਦਣਾ ਹਿੰਦ ਦੇ ਗਿਰਾਉ ਦੇ ਸਮੇਂ ਦਾ ਹੈ।

Sri Satguru Jagjit Singh Ji eLibrary NamdhariElibrary@gmail.com

## ਖ. ਰਾਜਿਸਥਾਨ ਵਿੱਚ ਭਰਥਰੀ

ਰਾਜਿਸਥਾਨ (ਰਾਜਪੂਤਾਨੇ) ਵਿਚ ਬਸੰਤ ਰੁਤ ਵਿਚ ਬਜ਼ਾਰਾਂ ਵਿਚ ਰਾਸਾਂ ਪਾਉਣ ਵਾਲੇ ਭਰਥਰੀ ਦਾ ਨਾਟ ਕਰਦੇ ਹਨ, ਓਹ ਦੱਸਦੇ ਹਨ ਕਿ ਭਰਥਰੀ ਵਿੱਕ੍ਰਮ ਦਾ ਭਰਾ ਤੇ ਪਿੰਗਲਾਂ ਦਾ ਪਿਆਰਾ ਸੀ। ਮਿਰਗ ਦਾ ਸ਼ਿਕਾਰ ਕਰਦਾ ਹੈ, ਓਥੋਂ ਹਰਨੀ ਕੋਲੋਂ ਉਸਨੂੰ ਸ੍ਰਾਪ ਮਿਲਦਾ ਹੈ ਕਿ ਤੂੰ ਜੀਉਂਦਿਆਂ ਰੰਡੀ ਛੱਡੇਂਗਾ। ਅੱਗੇ ਰਸਤੇ ਵਿਚ ਉਸਨੂੰ ਗੋਰਖ ਮਿਲਦਾ ਹੈ ਤੇ ਉਪਦੇਸ਼ ਦੇ ਕੇ ਜੋਗੀ ਬਣਾ ਲੈਂਦਾ ਹੈ ਤੇ ਓਹ ਰੋਂਦੀ ਪਿੰਗਲਾਂ ਛੱਡਕੇ ਟੁਰ ਜਾਂਦਾ ਹੈ।

'ਟਾਡ' ਸਾਹਿਬ ਆਪਣੀ ਕਿਤਾਬ ਰਾਜਸਥਾਨ ਵਿਚ ਲਿਖਦੇ ਹਨ ਕਿ ਭਰਥਰੀ ਆਪਣੀ ਇਸਤ੍ਰੀ ਦਾ ਇੰਨਾ ਪਿਆਰਾ ਸੀ ਕਿ ਰਾਜ ਦਾ ਕੰਮ ਨਹੀਂ ਕਰਦਾ ਸੀ, ਇਸਦੇ ਛੋਟੇ ਭਰਾ ਵਿੱਕ੍ਰਮ ਨੇ ਸਮਝਾਇਆ। ਰਾਣੀ ਨੂੰ ਪਤਾ ਲਗ ਗਿਆ ਤਾਂ ਉਸਨੇ ਵਿਕ੍ਰੱਮ ਨੂੰ ਦੇਸ਼ ਨਿਕਾਲਾ ਦਿਵਾ ਦੇਣ ਲਈ ਪ੍ਰੇਰਿਆ। ਇਸ ਤੋਂ ਮਗਰੋਂ ਫੇਰ ਟਾਡ ਸਾਹਿਬ ਫਲ ਵਾਲੀ ਕਥਾ ਦੇਂਦੇ ਹਨ।ਪਾਜ ਉਘੜਨ ਤੇ ਓਹ ਰਾਣੀ ਮਹਿਲੋਂ ਡਿਗ ਕੇ ਮਰ ਗਈ, ਫੇਰ ਭਰਥਰੀ ਨੇ ਪਿੰਗਲਾਂ ਵਿਆਹੀ, ਇਸ ਨਾਲ ਵੀ ਓਡਾ ਹੀ ਪਿਆਰ ਹੋ ਗਿਆ, ਪਰ ਹੁਣ ਰਾਜੇ ਦੇ ਮਨ ਸ਼ੱਕ ਰਹਿੰਦਾ ਸੀ। ਸੋ ਇਕ ਦਿਨ ਸ਼ਿਕਾਰ ਗਏ ਨੇ ਡਿੱਠਾ ਕਿ ਉਸਨੇ ਇਕ ਹਰਨ ਮਾਰਿਆ ਤੇ ਹਰਨੀ ਹਾਹੁਕੇ ਨਾਲ ਹੀ ਮਰ ਗਈ ਤੇ ਫੇਰ ਰਾਜੇ ਦਾ ਇਕ ਸ਼ਿਕਾਰੀ ਮਰ ਗਿਆ ਤੇ ਉਸਦੀ ਵਹੁਟੀ ਨਾਲ ਹੀ ਸਤੀ ਹੋ ਗਈ। ਇਹ ਕਥਾ ਰਾਜੇ ਨੇ ਪਿੰਗਲਾਂ ਨਾਲ ਕੀਤੀ। ਅੱਗੇ ਫੇਰ ਉਹੋ ਕਥਾ ਹੈ ਜੋ ਪਿਛੇ ਗੀਤ ਵਿਚ ਦਿੱਤੀ ਹੈ।ਫਰਕ ਏਨਾਂ ਹੈ ਕਿ ਰਾਣੀ ਮਰ ਗਈ ਤਾਂ ਰਾਜਾ 'ਹਾਇ ਪਿੰਗਲਾਂ, ਹਾਇ ਪਿੰਗਲਾਂ' ਕਰਦਾ ਬਨਾਂ ਨੂੰ ਚਲਾ ਗਿਆ, ਰਾਜ ਵਿੱਕ੍ਰਮ ਨੂੰ ਦੇ ਗਿਆ ਤੇ ਆਪ ਅਤ ਨੂੰ ਸੇਹਵਾਨ (ਹੈਦਰਾਬਾਦ ਸਿੰਧ ਦੇ ਇਲਾਕੇ) ਜਾ ਰਿਹਾ। ਇਥੇ ਭਰਥਰੀ ਮਹਿਲ ਤੇ ਭਰਥਰੀ ਮੰਦਰ ਦੇ ਨਿਸ਼ਾਨ ਦੱਸੇ ਜਾਂਦੇ ਹਨ। ਇਸੇ ਸ਼ਹਿਰ ਦਰਯਾ ਤੇ ਕਿਲੇ ਵਿਚਕਾਰ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ 'ਨਾਨਕ ਵਾੜਾ' ਬੀ ਮੌਜੂਦ ਹੈ।

Sri Satguru Jagjit Singh Ji eLibrary NamdhariElibrary@gmail.com

ਪ੍ਰੋਹਤ ਗੋਪੀ ਨਾਥ ਲਗਪਗ ਟਾਡ ਵਾਲੀ ਕਥਾ ਦੇਂਦੇ ਹਨ, ਪਰ ਲਿਖਦੇ ਹਨ ਕਿ ਗੰਧਰਬ ਸੇਨ ਧਾਰ ਦੇ ਰਾਜਾ ਦਾ ਜੁਆਈ ਸੀ ਤੇ ਇਸ ਦੀ ਵਹੁਟੀ ਵਿੱਚੋਂ ਵਿਕ੍ਰਮ ਜੰਮਿਆ ਤੇ ਇਕ ਹੋਰ ਵਹੁਟੀ ਸੀ ਉਸ ਤੋਂ ਭਰਥਰੀ। ਧਾਰ ਨੇ ਦੋਹਤ੍ਰੇ ਪਾਲੇ ਤੇ ਵਿਕ੍ਰਮ ਦੇ ਕਹੇ ਰਾਜ ਭਰਥਰੀ ਨੂੰ ਦਿੱਤਾ, ਤੇ ਵਿੱਕ੍ਰਮ ਭਰਾ ਦਾ ਵਜ਼ੀਰ ਬਣ ਗਿਆ, ਤੇ ਵਿੱਕ੍ਰਮ ਦੀ ਸਲਾਹ ਨਾਲ ਮਾਲਵੇ ਦੀ ਰਾਜਧਾਨੀ ਧਾਰ ਤੇ ਉਜੈਨ ਬਨ ਗਈ*। ਭਰਥਰੀ ਤ੍ਰੀਮਤਾਂ ਦੇ ਪਿਆਰ ਵਿਚ ਗਰਕ ਹੋਇਆ, ਵਿਕ੍ਰਮ ਨੇ ਸਮਝਾਇਆ, ਇਸ ਪਰ ਵਿਗੜ ਗਈ ਤੇ ਵਿੱਕ੍ਰਮ ਟੁਰ ਗਿਆ ਤੇ ਆਸਾਮ ਵਿਚ ਢਾਕੇ ਕੋਲ ਜਾ ਰਿਹਾ, ਜਿੱਥੇ ਹੁਣ ਤਕ ਵਿੱਕ੍ਰਮ ਪੁਰ ਉਸਦੇ ਨਾਮ ਤੇ ਮੌਜੂਦ ਹੈ। ਅੱਗੇ ਫੇਰ ਸਾਰੀ ਨਿਰਵੇਦ ਨਾਟਕ ਵਾਲੀ ਕਥਾ ਦਿੱਤੀ ਹੈ।

## ਗ. ਹੋਰ ਕਥਾਂ

**ਇ**ਨ੍ਹਾਂ ਸਾਰੀਆਂ ਗੱਲਾਂ ਦੇ ਆਧਾਰ ਪਰ ਕੁਛ ਵਧ ਘਟ ਕਰਕੇ ਪੰਜਾਬੀ ਬੈਂਤਾਂ ਵਿਚ ਇਕ ਕਿੱਸਾ ਭੀ ਕੁਛ ਚਿਰ ਹੋਇਆ ਛਪਿਆ ਹੀ। ਇਸ ਵਿੱਚ ਦੋਸ਼ੀ ਨਾਮ ਰਾਣੀ ਪਿੰਗਲਾਂ ਦਾ ਦਿਤਾ ਹੈ।

ਅਖਬਾਰ ਆਮ ਜਿ : ੪੬ ਨੰ : ੩੮੮੬ ਵਿਚ ਭੀ ਨਿਰੀ ਫਲ ਵਾਲੀ ਕਥਾ ਛਪੀ ਹੈ ਤੇ ਰਾਣੀ ਪਿੰਗਲਾਂ ਨੂੰ ਹੀ ਫਲ ਦੀ ਕਥਾ ਵਾਲੀ ਦੋਸ਼ਣ ਰਾਣੀ ਦੱਸਿਆ ਹੈ, ਪਰੰਤੂ ਮਿਥਲਾ ਲਿਪੀ ਦਾ ਨਿਰਵੇਦ ਨਾਟਕ ਹਿੰਦੁਸਤਾਨ ਵਿਚ ਕਦੇ ਪੁਰਾਨੀ ਬਣੀ ਚੀਜ਼ ਹੈ, ਓਹ ਭਾਨਮਤੀ ਨੂੰ, ਤੇ ਪੰਜਾਬ ਦੇ ਗੀਤਕਾਂ ਦੀ (ਹੀਰੇ ਮਿਰਗਵਾਲੀ ਪੁਰਾਣੀ ਕਥਾ, ਟਾਡ ਸਾਹਿਬ ਤੇ ਹੋਰ ਕਥਾਵਾਂ ਵਾਲੀ ਪਿੰਗਲਾਂ ਨੂੰ ਭੀ ਪਤੀਬ੍ਰਤਾ ਰਾਣੀ ਦੱਸਦੇ ਹਨ। ਅਤੇ ਮਿਸਟਰ ਆਰ ਗੋਧਬੋਧਲੇ 'ਭਰਥ ਖੰਡਾਂਚ ਅਰਥਾਚੀਨ ਕੋਸ਼' ਵਿੱਚ ਫਲ ਵਾਲੀ ਰਾਣੀ ਦਾ ਨਾਮ 'ਪਦਮਨਾਖਸ਼ੀ' ਦੱਸਦੇ ਹਨ, ਅਤੇ ਓਥੇ ਲਿਖਿਆ ਹੈ ਕਿ ਜਦੋਂ ਰਾਣੀ

---

* ਏਸ਼ੀਆਟਿਕ ਰੀ: ਤੋਂ ਪਤਾ ਲਗਦਾ ਹੈ ਕਿ ਦਸਵੀਂ ਸਦੀ ਵਿਚ ਇਕ ਜੈ ਚੰਦ ਨਾਮੇਂ ਹੋਰ ਵਿੱਕ੍ਰਮਾਦਿੱਤ ਰਾਜਾ ਹੋਇਆ ਹੈ; ਧਾਰ ਦੇ ਰਾਜਾ ਦੀ ਧੀ ਭਾਨਮਤੀ ਓਸਨੇ ਵਿਆਹੀ ਸੀ ਤੇ ਨਾਨੇ ਦਾ ਰਾਜ ਲਿਆ ਸੀ।

Sri Satguru Jagjit Singh Ji eLibrary NamdhariElibrary@gmail.com

ਜੀਉ ਉੱਠੀ ਤਦੋਂ ਉਸਦਾ ਨਾਮ ਪਿੰਗਲਾਂ[1] ਰਖਿਆ ਗਿਆ। ਟਾਨੀ ਜੀ ਨੇ ਫਲ ਦੀ ਕਥਾ ਵਾਲੀ ਰਾਣੀ ਦਾ ਨਾਮ 'ਅਨੰਗ ਸੈਨਾ' ਦਿੱਤਾ ਹੈ।

ਪੰਜਾਬ ਵਿਚ ਇਹ ਕਹਾਣੀ ਭੀ ਕਹੀ ਜਾਂਦੀ ਸੀ ਕਿ ਮੈਨਾਵੰਤੀ ਭਰਥਰੀ ਦੀ ਭੈਣ ਸੀ, ਭਰਥਰੀ ਦੇ ਤੇ ਮੈਨਾਵਤੀ ਦੇ ਜੋਗੀ ਖਯਾਲ ਬਚਪਨ ਤੋਂ ਸਨ। ਭਰਥਰੀ ਆਪ ਜੋਗੀ ਹੋ ਗਿਆ ਤੇ ਮੈਨਾਵਤੀ ਦਾ ਪੁਤ੍ਰ ਗੋਪੀ ਚੰਦ (ਜੋ ਬੰਗਾਲ ਦਾ ਰਾਜਾ ਸੀ) ਜੋਗੀ ਹੋਇਆ, ਤੇ ਦੋਵੇ ਮਾਮਾ ਭਣੇਵਾਂ ਗੋਰਖਮਤ ਦੇ ਸਤਾਰੇ ਬਣੇ।

ਰਾਜਰ ਨਾਮੇਂ ਇਕ ਯੂਰਪੀਨ ਪਾਦਰੀ ਨੇ (ਜੋ ੧੬੩੦ ਵਿੱਚ ਕਰਨਾਟਕ ਵਿਚ ਰਿਹਾ ਹੈ) ੧੬੫੧ ਵਿੱਚ ਭਰਥਰੀ ਦਾ ਤਰਜਮਾ ਪ੍ਰਕਾਸ਼ਤ ਕੀਤਾ ਸੀ। ਉਸ ਨੇ ਇਹ ਤਦੋਂ ਲੋਕਾਂ ਤੋਂ ਸੁਣੀ ਗਲ ਲਿਖੀ ਸੀ ਕਿ ਭਰਥਰੀ ਦੀਆਂ ਤਿੰਨ ਸੌ ਰਾਣੀਆਂ ਸਨ ਤੇ ਸ਼ਿੰਗਾਰ ਰਸੀਆ ਅਤਿ ਸੀ। ਪਿਤਾ ਨੇ ਉਸਨੂੰ ਝਿੜਕਿਆ, ਤਦ ਉਸਨੇ ਵਹੁਟੀਆਂ ਛੱਡ ਦਿਤੀਆਂ ਤੇ ਸ਼ੱਤਕ ਸੰਕਲਤ ਕੀਤੇ।[2]

ਏਸ਼ੀਆਟਿਕ ਰੀਸਰਚਜ਼ ੯ ਵਿਚ ਲਿਖਿਆ ਹੈ :-

ਏਹ ਆਮ ਰਾਇ ਹੈ ਕਿ ਵਿਕ੍ਰਮਾ ਦਿੱਤ ਨੇ ਆਪਣੇ ਛੋਟੇ ਭਰਾ ਸੁਕਾਦਿੱਤਜ ਅਰਥਾਤ ਭਰਥਰੀ ਨੂੰ ਇਕ ਖੁੰਢੀ ਛੁਰੀ ਨਾਲ ਉਸਦਾ ਸਿਰ ਕੱਪ ਕੇ ਹੌਲੇ ਹੌਲੀ ਤੜਫ ਤੜਫ ਕੇ ਮਰਨ ਦੀ ਮੌਤੇ ਮਾਰਿਆ ਸੀ।

---

੧. ਪਿੱਲੇ ਯਾ ਭੂਰੇ ਰੰਗ ਵਾਲੀ।

੨. ਪਰ ਜੇ ਕੋਈ ਸ਼ੱਤਕਾਂ ਨੂੰ ਸੰਸਕ੍ਰਿਤ ਵਿਚ ਪੜ੍ਹੇ ਤਾਂ ਦੇਖ ਸਕਦਾ ਹੈ ਕਿ ਇਹ ਰਾਇ ਸੰਕਲਤ ਕਰਨ ਦੀ ਗਲਤ ਹੈ। ਓਨਾਂ ਦੀ ਰਚਨਾਂ ਵਿਚ ਇਕ ਧੂਨੀ ਇਕਤਾਰ ਐਸੀ ਹੈ ਜੋ ਇੱਕੋ ਹਿਰਦੇ ਦੀ ਰਚਨਾਂ ਹੋਣ ਦੀ ਪੱਕੀ ਉਗਾਹੀ ਹੈ, ਵਿਚ ਚਾਹੇ ਕੋਈ ਸ਼ਲੋਕ ਆਖੇਤਕ ਭਾਵੇਂ ਹੋਵੇ।

Sri Satguru Jagjit Singh Ji eLibrary NamdhariElibrary@gmail.com

# ੨. ਇਤਿਹਾਸ ਵਿਚ ਭਰਥਰੀ

ਪੱਛਮੀ ਲੋਕਾਂ ਵਿਚ ਜੋ ਵਾਕਿਆਤ ਸੰਮਤਾਂ ਨਾਲ ਹਾਲਾਤ ਲਿਖਣ ਦਾ ਇਤਿਹਾਸ ਦਾ ਤ੍ਰੀਕਾ ਹੈ, ਓਹ ਹਿੰਦ ਵਿਚ ਪ੍ਰਵਿਰਤ ਘੱਟ ਰਿਹਾ ਜਾਪਦਾ ਹੈ। ਇਥੇ ਆਦਰਸ਼ ਹੋਰ ਸੀ ਤੇ ਸਾਹਿਤਜ ਇਸ ਵਿਸ਼ੇ ਵਿਚ ਹੋਰ ਤਰ੍ਹਾਂ ਟੁਰਦਾ ਸੀ, ਇਸ ਲਈ ਇਸ ਤਰ੍ਹਾਂ ਦੇ ਇਤਿਹਾਸ ਵਿਚ ਭਰਥਰੀ ਦਾ ਮਿਲਣਾ ਕਠਨ ਹੈ, ਪਰ ਜੋ ਖੋਜ ਇਸ ਨੁਕਤੇ ਤੋਂ ਹੋਈ ਹੈ, ਉਸ ਤੋਂ ਜੋ ਪੜਤਾਲ ਕੀਤੀ ਜਾ ਸਕਦੀ ਹੈ, ਸੋ ਇਹ ਹੈ :-

## ੳ. ਬਿਕ੍ਰਮਾ ਦਿੱਤ

ਇਹ ਨਾਮ ਹਰੇਕ ਹਿੰਦਵਾਸੀ ਜਾਣਦਾ ਹੈ, ਹਿੰਦ ਵਾਸੀਆਂ ਦਾ ਸੰਮਤ ਇਸੇ ਨਾਮ ਨਾਲ ਸੰਬੰਧਿਤ ਹੈ। ਇਹ ਸੰਮਤ ਦੱਸਦਾ ਹੈ ਕਿ ਜੇ ਕਦੀ ਇਸਨੂੰ ਬਿੱਕ੍ਰਮ ਦਾ ਨਾਮ ਬਿੱਕ੍ਰਮ ਦੇ ਜਨਮ, ਗੱਦੀ ਯਾ ਚਲਾਣੇ ਤੋਂ ਦਿੱਤਾ ਗਿਆ ਹੈ ਤਾਂ ਬਿਕ੍ਰਮਾਜੀਤ ਨੂੰ ਅੱਜ ਉਤਨੇ ਵਰਹੇ ਹੋ ਚੁਕੇ ਹਨ, ਜਿੰਨਾ ਅੱਜ ਵਿਕ੍ਰਮੀ ਸੰਮਤ ਹੈ।

ਬਿਕ੍ਰਮਾਦਿੱਤ ਯਾ ਬਿਕ੍ਰਮ ਜੀਤ ਦਾ ਨਾਮ ਹਿੰਦੁਸਤਾਨ ਵਿਚ ਉਸੀ ਤਰ੍ਹਾਂ ਹੈ ਜਿਸ ਤਰ੍ਹਾਂ ਅੰਗ੍ਰੇਜ਼ਾਂ ਵਿਚ ਐਲਫ੍ਰੈਡ ਹੈ, ਤੇ ਮੁਸਲਮਾਨਾਂ ਵਿਚ ਹਾਰੂੰ ਰਸ਼ੀਦ ਹੈ, ਫ੍ਰਾਂਸੀਸੀਆਂ ਵਿਚ ਚਾਰਲੇ ਮੈਨ ਹੈ ਤੇ ਬੋਧ ਹਿੰਦੀਆਂ ਵਿਚ ਅਸ਼ੋਕ ਦਾ ਹੈ, ਤੇ ਪੁਰਾਤਨ ਇਬ੍ਰਾਨੀਆਂ ਵਿਚ ਸੁਲੇਮਾਨ ਦਾ ਸੀ। ਇਸ ਦੇ ਨਾਲ ਨਾਲ ਕਹਾਣੀਆਂ ਤੇ ਗ਼ੈਬੀ ਤਾਕਤਾਂ ਦੇ ਕਈ ਕਿੱਸੇ ਹਨ। ਅਸਲ ਵਿਚ ਸ਼ਾਕਾ ਯਾ ਸਿਥੀਅਨ ਕੌਮ ਦੇ ਬਾਰ ਬਾਰ ਹਮਲਿਆਂ ਨੇ ਹਿੰਦੁਸਤਾਨ ਦੁਖੀ ਕਰ ਰੱਖਿਆ ਸੀ, ਇਸ ਨਾਮ ਵਾਲੇ ਹਿੰਦੀ ਮਹਾਰਾਜਾ ਨੇ ਉਨ੍ਹਾਂ ਦੇ ਓਹ ਪਾਸੇ ਸੇਕੇ ਕਿ ਦੇਸ਼ ਤੋਂ ਕੱਢਕੇ ਛੱਡੇ। ਅਲਬਰੂਨੀ ਜੋ ਗਜਾਰ੍ਹਵੀਂ ਸਦੀ ਵਿਚ ਹਿੰਦ ਵਿਚ ਰਿਹਾ ਹੈ, ਲਿਖਦਾ ਹੈ ਕਿ ਬਿੱਕ੍ਰਮਾ ਦਿੱਤ ਨੇ 'ਸ਼ਾਕਾ

Sri Satguru Jagjit Singh Ji eLibrary NamdhariElibrary@gmail.com

ਪਾਤਸ਼ਾਹ' ਦੇ ਵਿਰੁੱਧ ਚੜ੍ਹਾਈ ਕੀਤੀ ਤੇ ਉਸਨੂੰ ਲੋਨੀ ਦੇ ਕਿਲ੍ਹੇ ਤੇ ਮੁਲਤਾਨ ਦੇ ਵਿਚਕਾਰ ਕੋਰੂਰ ਦੇ ਟਿਕਾਣੇ ਹਾਰ ਦੇ ਕੇ ਕਤਲ ਕੀਤਾ। ਇਸ ਤਰ੍ਹਾਂ ਦੇਸ਼ ਨੂੰ 'ਸ਼ਾਕਾ' ਲੋਕਾਂ ਤੋਂ ਛੁਡਾ ਲੈਣ ਤੋਂ ਜੋ ਪੂਰਨ ਕਾਮਯਾਬੀ ਹੋਈ, ਉਸ ਤੋਂ ਵਿੱਕ੍ਰਮਾ ਦਿੱਤ ਦਾ ਨਾਮ 'ਸ਼ਾਕਾਰੀ' ਅਰਥਾਤ 'ਸ਼ਾਕਾ+ਅਰੀ' ਪੈ ਗਿਆ। ਵਿਕ੍ਰਮਾ ਦਿੱਤ ਦੇ ਦਰਬਾਰ 'ਨੌ ਰਤਨ' ਸਨ ਤੇ ਆਪ ਭੀ ਵਿੱਦਵਾਨ ਤੇ ਧਰਮੀ ਰਾਜਾ ਸੀ।

ਪਹਿਲੋਂ ਪਹਿਲ ਇਤਿਹਾਸ ਵੇਤਾ ਬਿੱਕ੍ਰਮ ਨੂੰ ਈਸਵੀ ਸਦੀ ਤੋਂ ੫੭ ਬਰਸ ਪਹਿਲੋਂ ਹੋਇਆ ਮੰਨਦੇ ਸਨ, ਪਰ ਫੇਰ ਕਿੱਸੇ ਕਹਾਣੀਆਂ ਇਤਹਾਸਿਕ ਵਾਕਿਆਤ ਦਾ ਰੌਲਾ ਐਸਾ ਪਿਆ ਕਿ ਵਿਦਵਾਨ ਫੈਸਲਾ ਨਾਂ ਕਰ ਸੱਕਣ, ਸਗੋਂ ਇਕ ਦੋ ਦੇ ਖਿਆਲ ਵਿਚ 'ਬਿੱਕ੍ਰਮ ਹੋਯਾ ਹੀ ਨਹੀਂ' ਦਾ ਖਿਆਲ ਬੀ ਹੋਇਆ। 'ਚੰਦ੍ਰ ਗੁਪਤ ੨' ਦਾ ਨਾਂ ਬੀ ਵਿੱਕ੍ਰਮਾਦਿੱਤ ਖਿਆਲ ਕੀਤਾ ਗਿਆ ਹੈ। ਬਾਜ਼ੇ ਦਾਨਿਆਂ ਨੇ ਕਿਹਾ ਕਿ ਨਹੀਂ ੫੬ ਸੰਮਤ ਪ੍ਰਥਮ ਈਸਵੀ ਤੋਂ ਲੈਕੇ ਛੇਵੀਂ ਸਦੀ ਤਕ-ਸਗੋਂ ਰਾਇ ਪਥੌਰਾ ਤਕ- ਕਈ ਰਾਜੇ 'ਬਿੱਕ੍ਰਮ' ਕਹਿਲਾਏ, ਸੋ ਸੰਮਤ ਵਾਲਾ ਬਿੱਕ੍ਰਮਾ ਦਿੱਤ ਹੋਰ ਹੈ ਤੇ 'ਸ਼ਾਕਾ+ਅਰੀ' ਬਿੱਕ੍ਰਮ ਹੋਰ ਹੈ।

ਪਰ ਮਿਸਟਰ ਫੀਲਟ ਆਖਦੇ ਹਨ ਕਿ ਸੰਮਤ ਜੋ ਈ: ਸੰਨ ਤੋਂ ੫੭ ਸਾਲ ਪਹਿਲੇ ਦਾ ਹੈ, ਇਹ ਮਾਲਵੇ ਦਾ ਪੁਰਾਣਾ ਸੰਮਤ ਸੀ ਤੇ 'ਸ਼ਾਕਾਰੀ' ਵਿੱਕ੍ਰਮ ਤੋਂ ਬਹੁਤ ਪਹਿਲੇ ਜਾਰੀ ਸੀ ਤੇ ਇਸਦੇ ਨਾਲ ਲਫਜ਼ 'ਬ੍ਰਿਕਮ' ਕਿਸੇ ਭੁਲਾਵਟ ਵਿਚ ਲੱਗ ਗਿਆ ਹੈ, ਕਿਉਂਕਿ ਚੰਦ੍ਰ ਗੁਪਤ ਪਹਿਲੇ ਯਾ ਦੂਸਰੇ ਨੇ ਭੀ ਓਪਰੇ ਲੋਕਾਂ ਤੇ ਫਤਹ ਪਾਈ ਸੀ, ਸੋ ਸੰਮਤ ਪੁਰਾਣਾ ਮਾਲਵਾ ਸੰਮਤ ਹੈ ਤੇ ਚੰਦ੍ਰ ਗੁਪਤੀ ਕਿਸੇ ਬਿੱਕ੍ਰਮ ਦੇ ਨਾਮ ਤੋਂ ਬਿੱਕ੍ਰਮ ਨਾਮ ਪੈ ਗਿਆ ਹੈ।*

---

* ਮਿ: ਦੱਤ 'ਕਾਰਪਸ ਇਨਸਕ੍ਰਿਪਸ਼ਨਮ ਇੰਡੀਕੇਰਮ' ਦੇ ਆਧਾਰ ਤੇ।

Sri Satguru Jagjit Singh Ji eLibrary NamdhariElibrary@gmail.com

ਗੈਜ਼ਟੀਅਰ ਆਫ ਇੰਡੀਆ ਵਿਚ ਪ੍ਰੋਫੈਸਰ ਕੋਲਹਾਰਨ ਦੇ ਆਧਾਰ ਤੇ ਲਿਖਿਆ ਹੈ ਕਿ 'ਵਿੱਕ੍ਰਮ ਕਾਲ' ਦਾ ਅਰਥ ਹੈ 'ਜੁੱਧ ਦਾ ਸਮਾਂ'; ਜੁੱਧ ਦਾ ਸਮਾਂ ਸਰਦ ਰਿਤੂ ਮੰਨਿਆ ਜਾਂਦਾ ਸੀ, ਤੇ ਸੰਮਤ ਭੀ ਸਰਦ ਰਿਤੂ ਵਿਚ ਸ਼ੁਰੂ ਹੁੰਦੇ ਸਨ, ਇਸ ਤਰ੍ਹਾਂ ਕਵੀਆਂ ਤੋਂ ਇਸ ਪੁਰਾਣੇ ਸੰਮਤ ਦਾ ਨਾਂ ਵਿੱਕ੍ਰਮ ਪੈ ਗਿਆ। ਰਾਜਾ ਕਰਕੇ ਨਹੀਂ, ਪਰ 'ਵਿੱਕ੍ਰਮ ਕਾਲ' ਕਰ. ਨਾਮ ਬਿੱਕ੍ਰਮੀ ਸੰਮਤ ਹੈ।

ਹੁਣ ਬਿਕ੍ਰਮਾ ਜੀਤ ਜੀ ਏਸ ਸੰਮਤ ਦੇ ਸੰਬੰਧ ਤੋਂ ਛੁੱਟੇ, ਤਾਂ ਓਹਨਾਂ ਦਾ ਸਮਾਂ ਦਾਨਿਆਂ ਨੇ ਹੋਰਨਾਂ ਉਗਾਹੀਆਂ ਤੇ ਨਿਸ਼ਾਨ : ਤੋਂ ਟੋਲਿਆ।

ਹਯੂਨਤ ਸ਼ੈਂਗ ਚੀਨੀ ਮੁਸਾਫਰ ਜੋ ਸੱਤਵੀਂ ਸਦੀ ਈ: ਵਿਚ ਹਿੰਦ ਵਿਚ ਆਇਆ, ਦੱਸਦਾ ਹੈ ਕਿ 'ਸਿਲਾ ਦਿੱਤ੧' ਨਾਮੇਂ ਰਾਜਾ ਦਾ ਸਮਾਂ ੫੮੦ ਈ: ਸੰਨ ਦਾ ਸੀ, ਤੇ ਵਿੱਕ੍ਰਮ ਦਿੱਤ ਜੀ 'ਸ਼ਿਲਾ ਦਿੱਤ ੧' ਤੋਂ ਮੁਹਰਲੇ ਮਹਾਰਾਜਾ ਸਨ*। ਇਸੀ ਤਰ੍ਹਾਂ ਕਾਹਲਨਾਂ ਮੁਅੱਰਖ ਜੋ ਬਾਰ੍ਹਵੀਂ ਸਦੀ ਵਿਚ ਹੋਇਆ ਹੈ, ਦੱਸਦਾ ਹੈ ਕਿ ਰਾਜਾ ਕਨਿਸ਼ਕ ਤੋਂ ੩੦ ਰਾਜ ਮਗਰੋਂ ਵਿੱਕ੍ਰਮ ਜੀ ਹੋਏ ਹਨ, ਸੋ ਇਸ ਤਰ੍ਹਾਂ ਵਿੱਕ੍ਰਮ ਜੀ ਦਾ ਸਮਾਂ ਛੇਵੀਂ ਸਦੀ ਈ: ਵਿਚ ਹੋਇਆ। ਹੋਰ ਉਗਾਹੀ ਐਉਂ ਹੈ :-

ਵ੍ਰਾਹਮੀਰਾ, ਵਰੁਚੀ, ਕਾਲੀਦਾਸ, ਏਹ ਰਾਜਾ ਵਿੱਕ੍ਰਮ ਦੇ ਨੌਂ ਰਤਨਾਂ ਵਿਚੋਂ ਬਹੁਤ ਪ੍ਰਸਿੱਧ ਹਨ। ਡਾਕਟਰ ਭਾਓਦਾਜੀ ਆਖਦੇ ਹਨ ਕਿ ਵਰਾਹ ਮੀਰਾ ਲਗ ਪਗ ੫੦੫ ਈ: ਵਿਚ ਜੰਮਿਆ ਤੇ ੫੮੭ ਈ: ਵਿਚ ਮਰਿਆ। ਇਸੀ ਤਰ੍ਹਾਂ ਵਰੁਚੀ ਤੇ ਕਾਲੀਦਾਸ ਦੀਆਂ ਰਚਨਾ ਦੀ ਮੁਤਾਲਜਾ ਦੱਸਦੀ ਹੈ ਕਿ ਇਹ ਪੰਜਵੀਂ ਛੇਵੀਂ ਸਦੀ ਵਿਚ ਹੋਏ।

ਇਸੀ ਤਰ੍ਹਾਂ ਇਨ੍ਹਾਂ ਤੋਂ ਮਗਰੋਂ ਇਕ ਸਬੰਧੂ ਕਵੀ ਹੋਏ ਹਨ। ਈਸ਼ਵਰਾ ਚਰਨ ਵਿੱਦਜਾ ਸਾਗਰ ਨੇ ਸਬੰਧੂ ਜੀ ਦੇ ਗ੍ਰੰਥ ਵਿਚ ਇਕ ਲੇਖ ਦੱਸਿਆ ਹੈ ਜੋ ਇਸ ਤਰ੍ਹਾਂ ਹੈ :- "ਹੁਣ ਕਿ ਵਿੱਕ੍ਰਮਾ ਦਿੱਤ ਟੁਰ ਗਿਆ ਹੈ, ਕੇਵਲ

* ਰੋਮੇਸ਼ ਚੰਦ੍ਰ ਦੱਤ।

Sri Satguru Jagjit Singh Ji eLibrary NamdhariElibrary@gmail.com

ਕੀਰਤਿ ਉਸਦੀ ਸਲਾਮਤ ਹੈ, ਰਾਜਨੀਤੀ ਦੀ ਉੱਤਮਤਾ ਨਹੀਂ ਰਹੀ"। ਇਸਤੋਂ ਸਿੱਧ ਹੋਇਆ ਕਿ ਸਬੰਧੂ ਕਵੀ ਤੋਂ ਥੋੜਾ ਚਿਰ ਪਹਿਲੇ ਵਿਕ੍ਰਮ ਜੀ ਹੋਏ ਹਨ। ਸਬੰਧੂ ਦੀ ਰਚਨਾ ਪੜ੍ਹਕੇ ਪਤਾ ਲਗਦਾ ਹੈ ਕਿ ਇਹ ਕਾਲੀਦਾਸ ਤੋਂ ਥੋੜਾ ਹੀ ਮਗਰੋਂ ਹੋਏ ਹਨ, ਸੋ ਹਰ ਤਰ੍ਹਾਂ ਵਿੱਕ੍ਰਮ ਜੀ ਦਾ ਸਮਾਂ ਛੇਵੀਂ ਸਦੀ ਵਿਚ ਹੀ ਪ੍ਰਤੀਤ ਹੁੰਦਾ ਹੈ। ਬੁਧ ਗਇਆ ਪਰ ਇਕ ਸ਼ਿਲਾ ਲੇਖ ਹੈ, ਜਿਸਦਾ ਸੰਨ ਈ: ੬੪੮ ਹੈ ਉਸ ਪਰ ਲਿਖਿਆ ਹੈ :-

"ਵਿੱਕ੍ਰਮਾ ਦਿੱਤ ਨਿਸ਼ਚਿੱਤ ਜਗਤ ਪ੍ਰਸਿੱਧ ਮਹਾਰਾਜਾ ਸੀ ਤੇ ਤਿਵੇਂ ਉਸਦੇ ਨੌਂ ਵਿਦਵਾਨ ਸਨ, ਜੋ ਨੌਂ ਰਤਨ ਕਹੇ ਜਾਂਦੇ ਸਨ" ਗੋਇਆ ਵਿੱਕ੍ਰਮ ਜੀ ਦੇ ਸੱਚਮੁਚ ਹੋਣ ਦੀ ਉਗਾਹੀ ਅੱਜ ਤੋਂ ਹਜ਼ਾਰ ਬਰਸ ਪਹਿਲੇ ਦੀ ਭੀ ਮਿਲ ਗਈ।

ਬਿੱਕ੍ਰਮਾ ਜੀਤ ਬੜੇ ਪ੍ਰਤਾਪੀ ਹੋਏ, ਵਿੱਦਜਾ, ਕੋਮਲ ਉਨਰ, ਕਾਰੀਗਰੀ, ਪ੍ਰਜਾ ਦੀ ਖੁਸ਼ਹਾਲੀ, ਦੇਸ਼ ਤਾਕਤ ਦੀ ਤ੍ਰਕੀ ਹੋਈ, ਇਹ ਸਮਾਂ ਉਸ ਹਿੰਦੂ ਧਰਮ ਲਈ ਜੋ ਬੁੱਧ ਮਤ ਪਰ ਜੈ ਪਾਕੇ ਪੌਰਾਣਕ ਸਾਹਿਤਜ ਪੈਦਾ ਕਰਕੇ ਨਵੇਂ ਪੁੰਗਾਰੇ ਵਿਚ ਫੇਰ ਜੀ ਕੇ ਉੱਠ ਰਿਹਾ ਸੀ, ਬੜੇ ਪ੍ਰਤਾਪ ਦਾ ਸਮਾਂ ਹੋਇਆ ਹੈ।

## ਅ. ਵਿਕ੍ਰਮਾ ਦਿੱਤ ਤੇ ਭਰਥਰੀ ਹਰੀ

**ਪ**ਰੰਪਰਾ ਦੱਸਦੀ ਹੈ ਕਿ ਵਿੱਕ੍ਰਮ ਤੇ ਭਰਥਰੀ ਜੀ ਭਰਾ ਸਨ, ਸੋ ਜੇ ਇਹ ਠੀਕ ਹੋਵੇ ਤਾਂ ਭਰਥਰੀ ਜੀ ਦਾ ਸਮਾਂ ਲੱਭ ਪਿਆ।

ਮਿਸਟਰ ਟੈਲੰਗ ਆਪਣੀ ਖੋਜ ਪਰ ਤੇ ਵਰਥਮ ਟੈਲੰਗ ਦੇ ਆਧਾਰ ਪਰ, ਪਾਲ. ਐ. ਮੋਰ ਪਰੰਪਰਾ ਦੇ ਆਧਾਰ ਪਰ, ਟਾਨੀ ਰਿਗਨਾਡ ਦੇ ਆਧਾਰ ਪਰ ਵਿਕ੍ਰਮ ਜੀ ਨੂੰ ਪਹਿਲੀ ਈਸਵੀ ਸਦੀ ਦੇ ਰਤਾ ਅੱਗੇ ਪਿੱਛੇ ਮੰਨਦੇ ਹਨ, ਸੋ ਇਸਤੋਂ ਹੀ ਭਰਥਰੀ ਜੀ ਓਦੋਂ ਹੋਏ ਸਮਝੇ।

ਪਰ ਜਦੋਂ ਵਿੱਕ੍ਰਮ ਜੀ ਪਰ ਸੰਸਾ ਪੈ ਗਿਆ, ਤਾਂ ਭਰਥਰੀ ਜੀ ਭੀ ਇਤਿਹਾਸ ਖੋਜਕਾਂ ਦੇ ਰਾਸ ਮੰਡਲ ਵਿਚੋਂ ਉਡੰਤ ਹੋ ਗਏ, ਪਰ ਜਦੋਂ ਫੇਰ ਵਿੱਕ੍ਰਮ ਜੀ ਨੂੰ ਪੁਰਾਣੇ ਨਿਸ਼ਾਨਾਂ ਤੇ ਉੱਪਰ ਦੱਸੇ ਸਬੂਤਾਂ ਕਰਕੇ ਛੇਵੀਂ ਸਦੀ

Sri Satguru Jagjit Singh Ji eLibrary NamdhariElibrary@gmail.com

ਵਿਖੇ ਹੋਯਾ ਤਸਲੀਮ ਕੀਤਾ ਗਿਆ ਤਾਂ ਭਰਥਰੀ ਜੀ ਦਾ ਭੀ ਉਹੀ ਸਮਾਂ ਸਮਝ ਲੈਣਾ ਚਾਹੀਏ। ਪਰ ਭਰਥਰੀ ਦੇ ਭਰਾ ਹੋਣ ਦਾ ਇਤਿਹਾਸ ਨੂੰ ਸਬੂਤ ਪੱਕਾ ਨਹੀਂ ਮਿਲਿਆ*, ਇਸ ਕਰਕੇ ਇਹ ਗੱਲ ਫੇਰ ਸੰਸੇ ਵਿਚ ਹੀ ਰਹੀ।

ਜੇ ਭਰਥਰੀ ਦੇ ਸ਼ੱਤਕਾਂ ਵਿਚ ਵੇਦਾਂਤਕ ਤੇ ਪੌਰਾਣਕ ਖਿਆਲ ਤੱਕਕੇ ਸਮਾਂ ਲੱਭਿਆ ਜਾਵੇ ਤਾਂ ਨਿਸਚਤ ਸਮਾਂ ਨਹੀਂ ਮਿਲਦਾ। ਵੇਦਾਂਤ ਦੇ ਖਿਆਲ ਈ: ਸੰਨ ਤੋਂ ਸਦੀਆਂ ਪਹਿਲੇ ਉਪਨਿਸ਼ਦਾਂ ਵਿਚ ਸਨ ਅਤੇ 'ਉਪਨਿਸ਼ਦ' ਨਾਮ ਹੇਠ ਇਕ ਵੇਦਾਂਤੀ ਫਿਰਕੇ ਦਾ ਜ਼ਿਕਰ ਭੀ 'ਹਰਿਸ਼ ਚਰਿਤ੍ਰ' ਵਿਚ ਰਾਜਾ ਹਰਸ਼ਵਰਧਨ ਦੇ ਸਮੇਂ ਆਯਾ ਹੈ, ਸੋ ਉਪਨਿਸ਼ਦਾਂ ਦੇ ਸਮੇਂ ਤੋਂ ਸ਼ੰਕਰ (੮ਵੀਂ ਸਦੀ ਈ:) ਤਕ ਵੇਦਾਂਤੀ ਖਿਆਲ ਮੌਜੂਦ ਸਨ, ਇਸੇ ਤਰ੍ਹਾਂ ਪੌਰਾਣਾਂ ਦੇ ਮੁੱਢ ਪਰ ਭੀ ਬਹਿਸ ਹੈ। ਪੁਰਾਣ ਦਸਵੀਂ ਬਾਰ੍ਹਵੀਂ ਸਦੀ ਦੇ ਭੀ ਕਹੇ ਜਾਂਦੇ ਹਨ, ਪਰ ਅਮਰ ਸਿੰਹ ਕੋਸ਼ ਵਿੱਚ ਪੌਰਾਣ ਦਾ ਜ਼ਿਕਰ ਹੈ, ਜਿਸ ਤੋਂ ਆਦਿ ਪੁਰਾਣ ਚੰਗੇ ਪੁਰਜਾਣੇ ਸਮੇਂ ਤੇ ਜਾ ਪੈਂਦੇ ਹਨ। ਸੋ ਆਓ ਹੁਣ ਹੋਰ ਟੋਲ ਕਰੀਏ।

## ੲ. ਸ਼ਿਲਾਦਿੱਤਯ-੨

ਹਿੰਦੂਆਂ ਦਾ ਇਕ ਅਤਿ ਸਨਾਤਨ ਪਵਿਤ੍ਰ ਥਾਂ ਅਵਾਂਤੀ ਹੈ, ਜਿਸਨੂੰ ਉਜੈਨ ਕਹਿੰਦੇ ਹਨ, ਇਤਿਹਾਸ ਵਿਚ ਉਜੈਨ ਦਾ ਜ਼ਿਕਰ ਐਉਂ ਹੈ :-

ਮੋਰੀਆ ਖਾਨਦਾਨ ਦੇ ਸਮੇਂ ਉਜੈਨ ਵਿਚ 'ਅਸ਼ੋਕ' ਸੂਬੇਦਾਰ ਹੋ ਕੇ ਗਿਆ ਸੀ, ਮਗਰੋਂ ਅਸ਼ੋਕ ਮਹਾਰਾਜਾ ਹੋ ਗਿਆ, ਫੇਰ ਪਤਾ ਨਹੀਂ। ਪਰ ਦੂਸਰੀ ਸਦੀ ਵਿਚ ਉਜੈਨ ਪਰਦੇਸੀ ਖਸ਼ਤ੍ਰਮਾ ਲੋਕਾਂ ਦੇ ਹੱਥ ਆ ਗਿਆ।

---

* ਡਾਕਟਰ ਬੂਹਲਰ ਨੂੰ ਇਕ ਪਰੰਪਰਾ ਮਿਲੀ ਹੈ ਕਿ ਵਿੱਕ੍ਰਮ ਦਾ ਇਕ ਭ਼ਰਾ ਆਪਣੇ ਸਾਥੀ ਸ਼ਾਰਦਾ ਨੰਦਨ ਸਮੇਤ ਕਸ਼ਮੀਰ ਗਿਆ ਸੀ, ਜਿਸਦੀ ਬਾਬਤ ਵਹਿਮ ਹੈ ਕਿ ਸ਼ਾਰਦਾ ਅੱਖਰ ਇਸਨੇ ਕਸ਼ਮੀਰ ਵਿੱਚ ਟੋਰੇ ਡਾਕਟਰ ਬੂਹਲਰ ਦਾ ਖਿਆਲ ਹੈ ਕਿ ਵਿੱਕ੍ਰਮ ਦਾ ਇਹ ਕਸ਼ਮੀਰ ਗਿਆ ਭਰਾ ਹੀ ਭਰਥਰੀ ਹਰੀ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

ਸੰਨ ੪੦੦ ਈ: ਵਿਚ ਇਸਨੂੰ 'ਚੰਦ੍ਰ ਗੁਪਤ ੨' ਨੇ ਲਿਆ, ਪਰਦੇਸੀ ਖਸ਼ਤ੍ਰੀਆਂ ਕੱਢੇ ਗਏ ਤੇ ਹਿੰਦ ਐਸ਼੍ਵਰਜ ਚਮਕ ਪਿਆ। ਛੇਵੀਂ ਸਦੀ ਉਜੈਨ ਬਿਕ੍ਰਮਾ ਦਿੱਤ ਦੀ ਜ਼ਬਰਦਸਤ ਸਲਤਨਤ ਦੀ ਰਾਜਧਾਨੀ ਸੀ।

ਵਿੱਕ੍ਰਮ ਦੇ ਮਗਰੋਂ 'ਸਿਲਾਦਿੱਤ ੧' ਉੱਤਰੀ ਹਿੰਦ ਦਾ ਅਧਿਰਾਜ ਹੋਇਆ, ਤਦੋਂ ਸੰਨ ਲਗ ਪਗ ੫੫੦ ਈ: ਸੀ। ਇਸਤੋਂ ਮਗਰੋਂ ਲਗ ਪਗ ੫੮੦ ਈ: ਵਿਚ ਪ੍ਰਭਾਕਰ ਵਰਧਨ ਮਹਾਰਾਜਾ ਬਣੇ। ੬੦੫ ਈ: ਦੇ ਲਗ ਪਗ ਰਾਜ ਵਰਧਨ ਮਹਾਰਾਜਾ ਬਣੇ। ਰਾਜ ਵਰਧਨ ਨੇ ਮਾਲਵੇ ਨਾਲ ਜੰਗ ਜਾਰੀ ਰੱਖਿਆ ਤੇ ਰਾਜੇ ਨੂੰ ਮਾਰ ਘੱਤਿਆ। ਇਸ ਤੋਂ ਮਗਰੋਂ ਰਾਜਵਰਧਨ ਜੀ ਸ਼ਨਾਨਕ ਬੰਗਾਲ ਰਾਜਾ ਦੇ ਹੱਥੋਂ ਮਾਰੇ ਗਏ ਤੇ ਇਨ੍ਹਾਂ ਦੇ ਛੋਟੇ ਭਰਾ 'ਸਿਲਾਦਿੱਤ ੨' ਜਿਨ੍ਹਾਂ ਦਾ ਨਾਂ 'ਹਰਸ਼ ਵਰਧਨ' ਭੀ ਸੀ, ਉੱਤਰੀ ਹਿੰਦ ਦੇ ਅਧੀਰਾਜ ਹੋਏ, ਸੰਮਤ ਲਗ ਪਗ ੬੧੦ ਈ: ਸੀ। ਇਹ ਮਹਾਰਾਜਾ ਬੜੇ ਤੇਜ ਪ੍ਰਤਾਪ ਵਾਲੇ ਬਿੱਕ੍ਰਮਾ ਜੀਤ ਵਾਂਗੂੰ ਹੋਏ। ਹਯੂਨਤ ਸ਼ੈਂਗ ਦੱਸਦਾ ਹੈ ਕਿ ਇਸ ਮਹਾਰਾਜ ਦੀ ਰਾਜਧਾਨੀ ਕਾਨ ਕੁਬਜਾ (ਕਨੌਜ) ਸੀ। 'ਸਿਲਾਦਿੱਤ ੨' ਬੋਧੀ ਸੀ, ਪਰ ਹਿੰਦੂ ਧਰਮ ਦਾ ਵੈਰੀ ਨਹੀਂ ਸੀ, ਬ੍ਰਾਹਮਣਾਂ ਨੂੰ ਦਾਨ ਤੇ ਸਤਿਕਾਰ ਦੇਂਦਾ ਸੀ। ਇਹ ਭੀ ਕਿਹਾ ਜਾਂਦਾ ਹੈ ਕਿ 'ਰਤਨਾਵਲੀ' ਤੇ 'ਨਾਗਾ ਨੰਦ ਨਾਟਕ' ਦੇ ਕਰਤਾ ਇਹ ਮਹਾਰਾਜ ਹੀ ਹਨ।

ਬਾਨ ਭੱਟ, ਦਾਂਡਿਨ, ਵਸਵ ਦਤਾ, ਸਬੰਧੂ, ਸੰਸਕ੍ਰਿਤ ਵਿਦਵਾਨ ਇਸ ਸਮੇਂ ਹੀ ਹੋਏ ਹਨ ਤੇ ਖੋਜਕ ਲੋਕ ਭਰਥਰੀ ਹਰੀ ਦਾ ਸਮਾਂ ਹੁਣ ਇਹ ਵਧੀਕ ਪ੍ਰਮਾਣਿਕ ਸਮਝਦੇ ਹਨ। ਪ੍ਰੋਫੈਸਰ ਮੈਕਸਮੂਲਰ ਦੱਸਦੇ ਹਨ ਕਿ 'ਆਈਟ ਸਿੰਗ' ਨਾਮੇ ਚੀਨੀ ਮੁਸਾਫਰ ਲਿਖਦਾ ਹੈ ਕਿ ਭਰਥਰੀ ਹਰੀ ਲਗਪਗ ੬੫੦* ਈ: ਸੰਮਤ ਵਿਚ ਕਾਲ ਵੱਸ ਹੋਏ। ਸੋ ਭਰਥਰੀ ਜੀ ਦਾ ਸਮਾਂ ਬਿਕ੍ਰਮਾਜੀਤ ਦਾ ਸਮਾਂ ਨਹੀਂ ਸੀ, ਸਗੋਂ 'ਸ਼ਿਲਾਦਿੱਤ ੨' ਦਾ ਸਮਾਂ ਸੀ।

---

* ਗੈਜ਼ੇਟੀਅਰ ਆਫ਼ ਇੰਡੀਆ ਵਿਚ ਸ਼ਾਇਦ ਇਸੇ ਆਧਾਰ ਪਰ ਭਰਥਰੀ ਦੀ ਮੌਤ ਦਾ ਸੰਮਤ ੬੫੧ ਲਿਖਿਆ ਹੈ। 'ਮਾਸਟਰ ਪੁਏਟਸ ਆਫ ਇੰਡੀਆ' ਵਿਚ ਭੀ ਇਹੀ ਸੰਮਤ ਦਿਤਾ ਹੈ।

ਭੱਟੀ ਤੇ ਭਾਰਤੀ ਯਾ ਭਰਥਰੀ ਇਸ ਸਮੇਂ ਦੇ ਦੋ ਹੋਰ ਕਵੀ-ਸ਼ਰਾਂ ਦੇ ਨਾਮ ਹੋਣ ਤੇ ਖ਼ਜਾਲ ਕੀਤਾ ਜਾਂਦਾ ਹੈ ਕਿ ਇਹ ਨਾਮ ਭਰਥਰੀ ਦੇ ਹੀ ਹਨ। ਭੱਟੀ ਕਾਂਵਜ ਨਾਮੇਂ ਪੁਸਤਕ ਦੇ ਟੀਕਾਕਾਰ ਕੰਦ੍ਰਪ ਵਿਦਜਾ ਵਿਨੋਦ ਤੇ ਸ੍ਰੀ ਧਰ ਸੁਆਮੀ ਸਾਰੇ ਆਖਦੇ ਹਨ ਕਿ ਭੱਟੀ ਕਾਵਜ ਦਾ ਕਰਤਾ ਭਰਥਰੀ ਹਰੀ ਹੀ ਹੈ, 'ਵਾਕਜ ਪਾਦਜਾ' ਤੇ 'ਸਾਰਾ' ਦੇ ਵਜਾਕਰਣ ਦੇ ਗ੍ਰੰਥਾਂ ਦਾ ਕਰਤਾ ਭੀ ਭਰਥਰੀ ਹਰੀ ਨੂੰ ਮੰਨਿਆਂ ਜਾਂਦਾ ਹੈ।

ਸੋ ਸਾਰੀ ਇਤਿਹਾਸਿਕ ਖੋਜ ਵਿੱਚੋਂ ਇਹ ਗੱਲ ਪੱਲੇ ਪੈਂਦੀ ਹੈ ਕਿ ਜੇ ਭਰਥਰੀ ਹਰੀ ਤੇ ਭਾਰਤੀ ਤੇ ਭੱਟੀ ਇਕੋ ਆਦਮੀ ਦੇ ਨਾਮ ਹਨ, ਤਦ ਉਹ ਮਹਾਰਾਜਾ 'ਸ਼ਿਲਾ ਦਿੱਤਜ ੨' ਦੇ ਸਮੇਂ ਹੋਏ ਹਨ ਤੇ ਉਨ੍ਹਾਂ ਦੇ ਜੀਵਨ ਪਰ ਹੋਰ ਕੋਈ ਚਾਨਣਾ ਨਹੀਂ ਪੈਂਦਾ, ਸਿਵਾ ਇਸ ਦੇ ਕਿ ਦੋ ਤ੍ਰੈ ਗ੍ਰੰਥਾਂ ਦਾ ਹੋਰ ਪਤਾ ਲੱਗਾ ਕਿ ਓਹਨਾਂ ਦੇ ਕੀਤੇ ਹੋਏ ਹਨ। ਮੈਕਡਾਨਲਡ 'ਸੰਸਕ੍ਰਿਤ ਲਿਟ੍ਰੇਚਰ' ਵਿਚ ਲਿਖਦਾ ਹੈ ਕਿ ਆਈਟਸਿੰਗ ੨੦ ਵਰਹੇ ਹਿੰਦ ਵਿਚ ਰਿਹਾ, ਓਹ ਲਿਖਦਾ ਹੈ ਕਿ ਭਰਥਰੀ ਬੁਧ ਸਾਧੂ ਹੋ ਗਿਆ, ਪਰ ਸੱਤ ਵੇਰੀ ਮੁੜ ਗ੍ਰਿਹਸਤ ਵਿਚ ਗਿਆ ਤੇ ਸੱਤ ਵੇਰੀ ਮੁੜ ਸਾਧੂ ਬਣਿਆ। ਆਪਣੀ ਇਸ ਕਮਜ਼ੋਰੀ ਪਰ ਭਰਥਰੀ ਰੋਂਦਾ ਸੀ, ਪਰ ਕਾਬੂ ਨਹੀਂ ਪਾ ਸਕਦਾ ਸੀ।

ਮਿਸਟਰ ਰੋਮੇਸ਼ ਚੰਦ੍ਰ ਦੱਤ, ਟੈਲੰਗ, ਕਾਲਬ੍ਰਕ, ਬੂਹਲਰ ਸਾਰੇ ਭਰਥਰੀ, ਭੱਟੀ ਨੂੰ* ਇਕੋ ਮੰਨਦੇ ਹਨ ਤੇ ਕਨੂੰ ਮਲ ਜੀ ਭੱਟੀ ਭਰਥਰੀ ਨੂੰ ਸਮਕਾਲੀ ਲਿਖਦੇ ਹਨ।

੧੯੦੨ ਵਿਚ ਅਰਥਾਤ ਉਪਰਲਿਆਂ ਤੋਂ ਮਗਰੋਂ ਮਿਸਟਰ ਕਾਲੇ ਨੇ ਸਿੱਧ ਕੀਤਾ ਹੈ ਕਿ ਭੱਟੀ ਕਾਵਜਵਾਕਜ ਪਾਦਜਾ ਆਦਿ ਦੇ ਕਰਤਾ ਹੋਰ ਹਨ। ਮਿਸਟਰ ਪਾਠਕ ਦੀ ਖੋਜ ਦੇ ਆਸਰੇ ਆਪ ਦੱਸਦੇ ਹਨ ਕਿ 'ਵਾਕਜ

---

* ਐਨਸਾਈਕਲੋਪੀਡਜਾ ਬ੍ਰਿ: ਦੇ ਵਿੱਚ ਲਿਖਿਆ ਹੈ ਕਿ ਦੋਵੇਂ ਇਕੋ ਮੰਨੇ ਜਾਂਦੇ ਹਨ, ਯਾ ਭੱਟੀ ਭਰਥਰੀ ਦਾ ਪੁਤ੍ਰ ਮੰਨਿਆਂ ਜਾਂਦਾ ਸੀ

Sri Satguru Jagjit Singh Ji eLibrary NamdhariElibrary@gmail.com

ਪਾਦਜ' ਦਾ ਕਰਤਾ ਬੋਧੀ ਸੀ* ਤੇ ਇਹ ਤ੍ਰੈਏ ਸ਼ੱਤਕ ਵੇਦਕ ਹਿੰਦੂ ਖਿਆਲਾਤ ਨਾਲ ਭਰੇ ਪਏ ਹਨ। ਨਾਂਹੀ 'ਭੱਟੀ' ਬੋਧੀ ਸੀ, ਕਿਉਂਕਿ ਭਟੀ ਆਪਣੇ ਕਾਵਜ ਵਿਚ ਅਵਤਾਰਾਂ ਦੀ ਮਹਿਮਾ ਕਰਦਾ ਹੈ।

ਹੁਣ ਦੇਖਣਾ ਇਹ ਹੈ ਕਿ ਆਇਆ ਭੱਟੀ ਤੇ ਸ਼ੱਤਕਾਂ ਦਾ ਕਰਤਾ ਭਰਥਰੀ ਇਕੋ ਹਨ? ਸੋ ਖੋਜ ਦੱਸਦੀ ਹੈ ਕਿ ਭਰਥਰੀ ਖੱਤ੍ਰੀ ਸੀ ਤੇ ਮੱਧ ਹਿੰਦੁਸਤਾਨ ਦਾ ਵਾਸੀ ਸੀ, ਪਰ ਭਟੀ ਬ੍ਰਾਹਮਨ ਸੀ ਤੇ ਵੱਲਭੀ ਦੇ ਦਰਬਾਰ ਦਾ ਸੀ। ਭਰਥਰੀ ਆਪਣੇ ਸ਼ੱਤਕਾਂ ਵਿਚ ਚਾਹੇ ਸ਼ਿਵ, ਵਿਸ਼ਨੂੰ ਨੂੰ ਇਕੋ ਜਿਹਾ ਕਹਿੰਦਾ ਹੈ, ਪਰ ਭਰਥਰੀ ਦਾ ਇਸ਼ਟ ਦੇਵ ਸ਼ਿਵ ਸੀ, ਇਹ ਸ਼ੱਤਕਾ ਤੋਂ ਸਪਸ਼ਟ ਹੈ, ਪਰੰਤੂ ਭੱਟੀ ਦਾ ਇਸ਼ਟ ਦੇਵ ਵਿਸ਼ਨੂੰ ਹੈ। ਇਸੇ ਪ੍ਰਕਾਰ ਮਿਸਟਰ ਗੋਵਿੰਦ ਸ਼ੰਕਰ ਸ਼ਾਸਤ੍ਰੀ ਲਿਖਦੇ ਹਨ ਕਿ ਪੁਰਾਣੇ ਗ੍ਰੰਥਾਕਾਰ ਜਦ ਦੋਹਾਂ ਦੇ ਗ੍ਰੰਥਾਂ ਵਿਚੋਂ ਪ੍ਰਮਾਣ ਲਈ ਸ਼ਲੋਕ ਲੈਂਦੇ ਹਨ, ਤਾਂ ਦੋਹਾਂ ਨੂੰ ਭਿੰਨ ਦੱਸਦੇ ਹਨ। ਸਿੱਟਾ ਇਹ ਹੈ ਕਿ :-

ਵਾਕਜ ਪਾਦਜਾ ਦਾ ਕਰਤਾ ਭਰਥਰੀ ਬੋਧੀ ਹੈ,
ਭੱਟੀ ਕਾਵਜ ਦਾ ਕਰਤਾ ਭੱਟੀ ਵੈਸ਼ਨਵ ਹੈ, ਤੇ
ਤ੍ਰੈ ਸ਼ੱਤਕਾਂ ਦਾ ਕਰਤਾ ਭਰਥਰੀ ਸ਼ੈਵ ਹੈ।

ਸੋ ਚੀਨੀ ਮੁਸ਼ਾਫ਼ਰ ਦੀ ਉਗਾਹੀ ਭਰਥਰੀ ਹਰੀ ਨੂੰ 'ਸ਼ਿਲ ਦਿੱਤ ੨' ਦੇ ਸਮੇਂ ਵਾਲੀ ਭੀ ਕੰਮ ਨਾ ਆਈ। ਹੁਣ ਇਕ ਹੋਰ ਦਲੀਲ ਬਾਕੀ ਹੈ। ਪੰਚ ਤੰਤ੍ਰ ਨਾਮੇਂ ਗ੍ਰੰਥ ਸੰਨ ੫੦੦ ਈ: ਤੋਂ ਪਹਿਲੇ ਰਚਿਆ ਗਿਆ। ਇਸਦਾ

---

* ਮਿਸਟਰ ਪਾਠਕ ਚੀਨੀ ਮੁਸਾਫਰ ਆਈਟਸਿੰਗ ਬਾਬਤ ਦੱਸਦੇ ਹਨ ਕਿ ਓਹ ਸੱਤਵੀਂ ਸਦੀ ਈ: ਵਿਚ ਹਿੰਦ ਵਿਚ ਆਇਆ ਤੇ ਓਹ ਲਿਖਦਾ ਹੈ ਕਿ ਵਾਕਜ ਪਾਦਜਾ ਦਾ ਕਰਤਾ ਭਰਥਰੀ ਬੋਧੀ ਸੀ ਤੇ ਉਸਨੂੰ ਮੋਏ ੪੦ ਬਰਸ ਹੋਏ ਹਨ। ਇਸੀ ਤਰ੍ਹਾਂ ਵਾਚਸਪਤੀ ਮਿਸ਼ਰ ਜੋ ੧੧ਵੀਂ ਸਦੀ ਵਿਚ ਹੋਇਆ ਹੈ ਲਿਖਦਾ ਹੈ ਕਿ 'ਵਾਕਜ ਪਾਦਜਾ ਦਾ ਕਰਤਾ 'ਵੇਦਾਬਾਹਯਾ' ਅਰਥਾਤ ਵੇਦ ਵਿਹੂਨ ਬੋਧੀ ਸੀ।

Sri Satguru Jagjit Singh Ji eLibrary NamdhariElibrary@gmail.com

(ਯਾ ਇਸਦੇ ਭੀ ਮੂਲ ਦਾ[1]) ਤਰਜਮਾਂ ਫਾਰਸੀ ਵਿਚ 'ਕਲੇਲਾ ਦਮਨਾ' ੫੩੧ ਤੋਂ ੫੭੯ ਈ: ਦੇ ਵਿਚਕਾਰ ਫਾਰਸ ਦੇ ਪਾਤਸ਼ਾਹ ਲਈ ਫਾਰਸੀ ਵਿਚ ਤਰਜਮਾਂ ਕੀਤਾ ਗਿਆ। ਪੰਚ ਤੰਤ੍ਰ ਵਿਸ਼ੇਸ਼ ਕਰਕੇ ਸੰਕਲਤ ਕੀਤਾ ਹੋਇਆ ਗ੍ਰੰਥ ਹੈ, ਇਸ ਵਿਚ ਨੀਤੀ ਸ਼ੱਤਕ ਦਾ ਇਕ ਸ਼ਲੋਕ ਹੈ। ਜਿਸ ਤੋਂ ਸਿੱਧ ਹੋਇਆ ਕਿ ਭਰਥਰੀ ਜੀ ਦੇ ਸ਼ੱਤਕ ੫੦੦ ਈ: ਤੋਂ ਪਹਿਲੇ ਬਣ ਚੁਕੇ ਸਨ, ਤੇ ਭਰਥਰੀ ਜੀ ਇਸ ਵੇਲੇ ਹੋ ਚੁਕੇ ਸਨ ਯਾ ਹੈਸਨ[2]।

---

੧. ਮੈਕਸ ਮੂਲਰ।

੨. ਨੀਤੀ ਸ਼ੱਤਕ ਦਾ ੫੭ਵਾਂ ਸ਼ਲੋਕ ਤੇ ਸ਼ੇਖ਼ ਸਾਅਦੀ ਦੇ ਇਸ ਬੈਂਤ 'ਅਗਰ ਸਦ ਸਾਲ ਗਬਰ ਆਤਸ਼ ਫਰੋਜ਼ਦ' ਦਾ ਬੀ ਧਿਆਨ ਕਰ ਲੈਣਾ। ਸ਼ੇਖ਼ ਸਾਅਦੀ ੧੧੯੫ ਵਿਚ ਜੰਮੇ, ਤੇ ੧੨੨੫ ਵਿਚ ਹਿੰਦੁਸਤਾਨ ਆਏ।

Sri Satguru Jagjit Singh Ji eLibrary NamdhariElibrary@gmail.com

# ੩. ਸਿੱਧਾਂਤ

## ੳ. ਪਰੰਪਰਾ ਤੋਂ ਕੀ ਲੱਭਦਾ ਹੈ?

ਪਰੰਪਰਾ ਦੀ ਮੁਤਾਲਿਆ ਜੋ ਅਸੀਂ ਪਿੱਛੇ ਦੇ ਆਏ ਹਾਂ ਚਾਹੇ ਓਹ ਨਿਰਮਲੇ, ਉਦਾਸੀ, ਬੈਰਾਗੀ, ਸੰਨਿਆਸੀ, ਕਿਸੇ ਸਾਧੂ ਪੰਡਤ ਤੋਂ ਸੁਣੋਂ, ਚਾਹੇ ਨਿਰਵੇਦ ਨਾਟਕ ਵਰਗੇ ਲੇਖ ਪੜ੍ਹੋ, ਚਾਹੇ ਸਿੰਘਾਸਨ ਬਤੀਸੀ, ਬੈਤਾਲ ਪਚੀਸੀ (ਪੰਜਾਬੀ) ਵਾਚੋ, ਚਾਹੇ ਹੀਰੇ ਮਿਰਗ ਵਾਲਾ ਗੀਤ ਸੁਣੋ, ਚਾਹੇ ਚੁਲ੍ਹਿਆਂ ਕੋਲ ਬੈਠਕੇ ਸੌਂਕਣ ਦੇ ਹੱਥੋਂ ਸਤੀ ਹੋਈ ਜਾਂ ਬੁਰਾ ਕਰਕੇ ਦੁਖ ਪਾ ਰਹੀ ਸੁਆਣੀ ਦੇ ਮੂੰਹੋਂ ਸੁਣੋਂ, ਚਾਹੇ ਸਾਰੇ ਭਰਥਰੀ ਦੇ ਟੀਕਾਦਾਰਾਂ ਦੇ ਨੋਟ ਤੇ ਰੀਸਰਚ (ਖੋਜਕ) ਸੁਸੈਟੀਆਂ ਤੇ ਸੱਜਣਾਂ ਦੀਆਂ ਖੋਜਾਂ ਦੀ ਮੁਤਾਲਿਆ ਕਰੋ, ਚਾਹੇ ਰਾਜਪੂਤਾਨੇ ਵਿਚ ਭਰਥਰੀ ਦੇ ਨਾਟ ਹੁੰਦੇ ਤੱਕੋ, ਹਿੰਦੁਸਤਾਨ ਦੇ ਕਿਸੇ ਹਿੱਸੇ ਵਿਚ ਕਿਤੋਂ ਪੜ੍ਹੇ ਅਨਪੜ੍ਹੇ ਕਿਸੇ ਤੋਂ ਜਾ ਪੁਛੋ, ਤਾਂ ਇਹ ਗੱਲਾਂ ਤੁਹਾਨੂੰ ਇੱਕੋ ਜਿਹੀਆਂ ਮਿਲਨਗੀਆਂ :-

(੧) ਭਰਥਰੀ ਰਾਜਾ ਸੀ।
(੨) ਬਿਕ੍ਰਮਾਦਿੱਤ ਦਾ ਭਰਾ ਸੀ।
(੩) ਸੰਸਾਰ ਤਿਆਗਕੇ ਵੈਰਾਗੀ ਹੋ ਗਿਆ ਸੀ।
(੪) ਕਾਰਨ ਇਸਤ੍ਰੀ ਸੀ।

ਇਤਿਹਾਸਕਾਰਾਂ ਦੀ ਖੋਜ ਨੂੰ ਜੇ ਬੜੀ ਖੁਲ੍ਹ ਦੇ ਕੇ ਬੀ ਲਈਏ ਤਾਂ ਕਹਿ ਸਕਦੇ ਹਾਂ ਕਿ ਭਰਥਰੀ ਹੋਏ ਨੂੰ ਘੱਟ ਤੋਂ ਘੱਟ ੧੩੦੦* ਬਰਸ ਬੀਤ ਚੁਕਾ ਹੈ। ਇਤਨੇ ਅਰਸੇ ਵਿੱਚ ਤੇ ਦੇਸ਼ ਦੇ ਸਾਰੇ ਹਿੱਸਿਆਂ ਵਿਚ ਤੇ ਅੱਡ ਅੱਡ ਖਿਆਲ ਤੇ ਸਮਝ ਦੇ ਤਬਕਿਆਂ ਵਿਚ ਉੱਪਰ ਲਿਖੀਆਂ ਚਾਰ ਗੱਲਾਂ ਦਾ ਇਤਫਾਕ ਇਕ ਅਚਰਜ ਇਤਫਾਕ ਹੈ, ਅਰ ਇਕ ਐਵੇਂ ਬੇਧਿਆਨੀ ਨਾਲ ਸੱਟ ਪਾਉਣ ਵਾਲੀ ਗੱਲ ਨਹੀਂ ਹੈ।

---

* ਇਹ ਪੁਸਤਕ ਪਹਿਲੀ ਵਾਰ ਦਸਬੰਰ ੧੯੧੬ ਵਿਚ ਛਪੀ ਸੀ।

Sri Satguru Jagjit Singh Ji eLibrary NamdhariElibrary@gmail.com

## ਅ. ਇਤਿਹਾਸਕ ਖੋਜ ਤੋਂ ਕੀ ਲੱਭਦਾ ਹੈ?

ਮਿ: ਟਾਨੀ, ਟੇਲੰਗ, ਪਾਲ: ਐ: ਮੋਰ, ਵਰਦਮ, ਗੋਪੀਨਾਥ, ਕਾਲੇ, ਟੀਕਾਕਾਰਾਂ : ਮੈਕਸਮੂਲਰ, ਮੈਕਡਾਨਲ, ਰੋਮੇਸ਼ ਚੰਦ੍ਰ ਦੱਤ ਮੁਅੱਰਖਾਂ; ਹਜੂਨਤਸ਼ੈਂਗ, ਆਈਟ੍ਰਸਿੰਗ ਚੀਨੀ ਮੁਸਾਫਰਾਂ ਤੇ ਐਨਸਾਈਕਲੋਪੀਡੀਆ, ਗੈਜ਼ੇਟੀਅਰਾਂ ਤੇ ਏਸ਼ੀਆਟਕ ਤੇ ਬੰਬੇ ਰੀਸਰਚ ਰਪੋਰਟਾਂ ਵਰਗੀਆਂ ਪੁਸਤਕਾਂ ਤੋਂ ਜੋ ਕੁਛ ਲੱਭਦਾ ਹੈ ਇਹ ਹੈ ਕਿ ਜੇ ਭੱਟੀ, ਭਾਰਤੀ (ਭਰਥਰੀ ਹਰੀ), ਭਰਥਰੀ ਹਰੀ ਤ੍ਰੈਏ ਇਕ ਆਦਮੀ ਦੇ ਨਾਮ ਹਨ, ਤਦ ਭਰਥਰੀ ਜੀ ਲਈ ਦੋ ਗੱਲਾਂ ਬਣਦੀਆਂ ਹਨ :-ਜੇ ਤਾਂ ਓਹ ਵਿਕ੍ਰਮਾ ਦਿੱਤ ਦੇ ਭਰਾ ਮੰਨ ਲਏ ਜਾਣ, ਤਦ (ਵਿਕ੍ਰਮਾ ਦਿੱਤ ਦਾ ਸਮਾਂ ਜੋ ਹੁਣ ਪਹਿਲੀ ਸਦੀ ਈ: ਦੇ ਅੱਗੋਂ ਪਿਛੋਂ ਉੱਠਕੇ ਛੇਵੀਂ ਸਦੀ ਦੇ ਲਗਪਗ ਆ ਗਿਆ ਹੈ) ਭਰਥਰੀ ਜੀ ਛੇਵੀਂ ਸਦੀ ਵਿਚ ਹੋਏ ਅਰ ੫੮੦ ਈ: ਤੋਂ ਪਹਿਲੋਂ ਹੋ ਚੁਕੇ ਹੋਣੇ ਚਾਹੀਏ, ਪਰ ਜੇ ਬਿੱਕ੍ਰਮ ਦੇ ਭਰਾ ਵਾਲਾ ਸੰਬੰਧ ਖਿਆਲੋਂ ਛੱਡ ਕੇ ਭਟੀ, ਭਾਰਤੀ ਤੇ ਭਰਥਰੀ ਹਰੀ ਨੂੰ ਇਕ ਮੰਨਿਆ ਜਾਵੇ, ਤਾਂ ਚੀਨੀ ਮੁਸਾਫਰ ਦਾ ਵੀਹ ਵਰਹੇ ਹਿੰਦ ਵਿਚ ਰਹਿਕੇ ਚਲਾਣੇ ਦਾ ਸੰਮਤ ਦੱਸ ਜਾਣਾ ਕਤਈ ਫੈਸਲਾ ਹੈ ਕਿ ਓਹ ੬੫੦ ਵਿਚ ਬੀਤੇ ਹਨ।

ਜੇ ਭਰਥਰੀ ਵੱਖ ਵੱਖ ਹਨ, ਜੈਸੇ ਕਿ ਮਿਸਟਰ 'ਕਾਲੇ' ਨੇ ਮਿਸਟਰ ਪਾਠਕ ਦੀ ਖੋਜ ਪਰ ਸਿੱਧ ਕਰ ਦਿੱਤਾ ਹੈ ਕਿ ਉਪਰਲਾ ਸੰਮਤ ਗਲਤ ਹੈ। ਫਿਰ ਅਸੀਂ ਉਸ 'ਕਲੇਲਾ ਦਮਨਾਂ' ਦੀ ਉਗਾਹੀ ਤੋਂ, ਜੋ ਪਿੱਛੇ ਦੇ ਆਏ ਹਾਂ, ਇਸ ਸਿੱਟੇ ਤੇ ਅੱਪੜਦੇ ਹਾਂ ਕਿ ਸੰਨ ਈਸਵੀ ੫੩੧ ਯਾ ੫੨੯ ਤੋਂ ਪਹਿਲੋਂ ਭਰਥਰੀ ਜੀ ਜਾਂ ਹੋ ਚੁਕੇ ਸਨ ਜਾਂ ਨੀਤੀ ਸ਼ੱਤਕ ਬਨਾ ਚੁਕੇ ਸਨ ਤੇ ਜੀਉਂਦੇ ਸਨ।

ਨਿਚੋੜ ਇਹ ਹੈ ਅਰ ਯੁਕਤੀ ਇਸ ਟਿਕਾਣੇ ਲੈ ਆਉਂਦੀ ਹੈ ਕਿ ਭਰਥਰੀ ਜੀ ਚਾਹੇ ਵਿੱਕ੍ਰਮ ਦੇ ਭਰਾ ਸਨ ਚਾਹੇ ਨਹੀਂ, ਚਾਹੇ ਰਾਜਾ ਸਨ ਯਾ 'ਸ਼ਿਲਾ ਦਿੱਤਜ ੨' ਦੇ ਸਮੇਂ ਦੇ ਪੰਡਤ ਸਨ ਓਹ ੬੫੦ ਈਸਵੀ ਤੋਂ ਪਹਿਲੋਂ ਹੋ ਚੁਕੇ ਸਨ। ਇਸ ਤੋਂ ਮਗਰੋਂ ਦਾ ਸਮਾ ਭਰਥਰੀ ਨੂੰ ਦੇਣਾ ਹੁਣ ਤਕ ਦੀਆਂ

Sri Satguru Jagjit Singh Ji eLibrary NamdhariElibrary@gmail.com

ਉਗਾਹੀਆਂ ਦੇ ਸਾਹਮਣੇ ਭੁੱਲ ਹੋਵੇਗਾ, ਇਸ ਤੋਂ ਪਹਿਲੋਂ ਦਾ ਸਮਾਂ 'ਕਲੇਲਾ ਦਮਨਾ' ਵਾਲੀ ਉਗਾਹੀ ਤੋਂ ਯਾ ਹੋਰ ਸਬੂਤ ਪੈਦਾ ਹੋਣ ਤੋਂ ਸਿੱਧ ਸਕੇ ਤਾਂ ਅਚਰਜ ਨਹੀਂ।

ਇਤਿਹਾਸ-ਭਰਥਰੀ ਜੀ ਸ਼ੱਤਕਾਂ ਦੇ ਕਰਤਾ ਹਨ ਕਿ ਨਹੀਂ? ਰਾਜਾ ਸਨ ਕਿ ਨਹੀਂ? ਫਲ ਵਾਲੀ ਕਥਾ ਠੀਕ ਹੈ ਕਿ ਨਹੀਂ? ਰਾਣੀ (ਭਾਨੁਮਤੀ, ਅਨੰਗਸੇਨਾ, ਪਦਨਾਖਸੀ ਤੇ ਪਿੰਗਲਾਂ ਨਾਮੀ) ਦੇ ਪਤਿਬ੍ਰਤਾ ਪਿਆਰ ਦੇ ਵਿਯੋਗ ਯਾ ਦੁਖ ਕਰਕੇ ਵੈਰਾਗ ਹੋਇਆ ਹੈ ਕਿ ਨਹੀਂ? ਕਿਸੇ ਗੱਲ ਲਈ ਕੋਈ ਪੱਕੀ ਰੌਸ਼ਨੀ ਨਹੀਂ ਪਾ ਸਕਿਆ।

## ੲ. ਸਾਹਿੱਤ ਦੇ ਚਿੱਤ੍ਰਸ਼ਾਲ ਵਿਚ ਭਰਥਰੀ

(੧) ਹਿੰਦੁਸਤਾਨ ਦੇ ਬਾਗ਼ ਵਿਚ ਇਕ ਬੂਟਾ ਮੌਲਿਆ ਸੀ, ਉਸਨੇ ਆਪਣੇ ਮਨ ਨੂੰ ਆਮ ਲੋਕਾਂ ਵਾਂਗੂੰ ਸਾਧਾਰਣ ਦਸ਼ਾ ਵਿਚ ਰਖਿਆ, ਉਸਨੇ ਸਭ ਤੋਂ ਵਧੀਕ ਖਿੱਚ ਲੈਣ ਵਾਲੇ ਰਸ 'ਸ਼ਿੰਗਾਰ' ਨੂੰ ਚੰਗਾ ਸਮਝਿਆ ਅਤੇ ਉਸਦੇ ਅੰਦਰ ਪਏ ਵਲਵਲੇ ਜ਼ੋਰਦਾਰ ਸ਼ਕਲ ਫੜ ਗਏ। ਓਹ ਵਿਦਵਾਨ ਭੀ ਸੀ, ਓਹ ਕਵੀ ਭੀ ਸੀ। ਜੋ ਤਸਵੀਰ ਉਸਦੇ ਅੰਦਰ 'ਪ੍ਰੀਤ ਰਸ' ਦੇ ਵਲਵਲਿਆਂ ਤੋਂ ਬਣੀ, ਉਸਨੇ ਓਹ ਸੌ ਸ਼ਕਲਾਂ ਵਿਚ ਖਿੱਚੀ, ਇਸ ਰਸ ਦੇ ਸੁਆਦ, ਤੜਫਨੀਆਂ, ਬ੍ਰੀਕੀਆਂ, ਕੋਮਲਤਾਈਆਂ, ਤਲਖਾਈਆਂ ਤੇ ਕਲੇਸ਼ ਸਭ ਉਸਦੇ ਬੁਰਸ਼ ਨੇ ਸਾਫ ਦਿਖਾ ਦਿਤੇ, ਇਹ ਤਸਵੀਰ ਉਸਨੇ ਹਿੰਦ ਦੇ ਸਾਹਿੱਤ ਚਿੱਤ੍ਰਸ਼ਾਲ ਵਿਚ ਰੱਖ ਦਿੱਤੀ ਤੇ ਉਸਦੇ ਹੇਠ ਲਿਖਿਆ 'ਸ਼ਿੰਗਾਰ ਸ਼ੱਤਕ'।

(੨) ਆਪਣੇ ਅੰਦਰਲੇ ਦੇ ਵਧੀਕ ਉੱਨਤ ਕਰਦਿਆਂ ਯਾ ਹੁੰਦਿਆਂ ਉਸ ਕਲਾ ਕੌਸ਼ਲੀਏ ਨੇ ਦਨਾਈ ਦੇ ਦਰਸ਼ਨ ਪਾਏ। ਸ਼ਿੰਗਾਰ ਦੇ ਖੋਟੇ ਫਲਾਂ ਤੇ 'ਭੋਗ ਦੇ ਅੰਤ ਰੋਗ' ਦੇ ਤਜਰਬੇ ਨੇ ਅਰ ਐਸੇ ਤਜਰਬਿਆਂ ਨੇ ਕਿ 'ਜਿਸਨੂੰ ਓਹ ਪਿਆਰ ਕਰੇ, ਓਹ ਹੋਰਨਾਂ ਨੂੰ ਪਿਆਰ ਕਰੇ*' ਉਸਨੂੰ ਇਖਲਾਕ ਤੇ ਬੁੱਧੀਮਤਾ ਦਾ ਅਨੁਭਵ ਦਿੱਤਾ ਤਦ ਉਸਦੇ ਅੰਦਰ ਇਖ਼ਲਾਕ ਦੀ ਮੂਰਤਿ

* ਦੇਖੋ ਨੀਤੀ ਸ਼ੱਤਕ ਦਾ ਦੂਸਰਾ ਸ਼ਲੋਕ।

Sri Satguru Jagjit Singh Ji eLibrary NamdhariElibrary@gmail.com

ਬਣੀ। ਓਹ ਮੂਰਤੀ ਉਸਦੇ ਆਪਣੇ ਹਿਰਦੇ ਦੇ ਤਖਤੇ ਤੋਂ ਸ਼ਲੋਕਾਂ ਵਿਚ ਖਿੱਚੀ ਅਰ ਹਿੰਦ ਨੇ ਸਾਹਿੱਤਜ ਚਿੱਤ੍ਰਸ਼ਾਲ ਵਿਚ ਧਰ ਦਿੱਤੀ ਤੇ ਥੱਲੇ ਲਿਖ ਦਿੱਤਾ 'ਨੀਤੀ ਸ਼ੱਤਕ'।

(੩) ਇਖ਼ਲਾਕ ਤੇ ਭਾਈਚਾਰਕ, ਸਰੀਰਕ ਤੇ ਕੁਛ ਮਾਨਸਿਕ ਸੁਖਾਂ ਦੇ ਨਾਲ ਨਾਲ ਉਸ ਕਲਾਵਾਨ ਨੇ ਅਨੁਭਵ ਕੀਤਾ ਕਿ ਅੰਦਰ ਕੋਈ ਤਰਸੇਵਾਂ ਹੋਰ ਹੈ, ਕੋਈ ਭੁੱਖ ਹੈ, ਜਿਸਦੇ ਸੱਖਣਾਪਨ ਨੂੰ ਇਹ ਨਹੀਂ ਮੇਟਦਾ। ਵਿਦਵਾਨਾਂ ਤੇ ਦਾਨਿਆਂ ਨੂੰ ਓਸਨੇ ਮਤਸਰ ਤੇ ਸਾੜੇ ਵਿੱਚ[1] ਦੇਖਿਆ : ਇਸ ਤੋਂ ਨੀਤੀ ਇਖ਼ਲਾਕੀ ਜੀਵਨ ਪੋਲੇ ਹੋ ਦਿੱਸੇ। ਇਸ-ਉੱਚੀ ਸ਼ੈ ਵਿੱਚ ਭੀ ਉਨ੍ਹਾਂ ਨੂੰ ਅਜੇ ਨਿੰਗਰਤਾ ਦੀ ਕਮੀਂ ਦਾ ਅਨੁਭਵ ਹੋਯਾ, ਤਦ ਅੰਦਰ ਇਕ ਹੋਰ ਤਸਵੀਰ ਬਣੀ ਕਿ ਇਹ ਰਸ ਤੇ ਇਖ਼ਲਾਕ ਚੰਗੇ ਹਨ, ਪਰ ਇਹ ਦ੍ਰਿਸ਼ਮਾਨ ਦੇ ਸੁਆਦ ਤੇ ਪ੍ਰਬੰਧ ਹਨ, ਕੋਈ ਹੋਰ ਟਿਕਾਣਾ ਅਟੱਲਤਾ ਦਾ ਹੈ। ਸਹਿਜੇ ਸਹਿਜੇ ਅੰਦਰਲੇ ਨੇ ਰਸਾਂ ਨਾਲੋਂ ਤੇ ਫੋਕੀਆਂ ਦੁਨਿਆਵੀ ਅਕਲਾਂ ਤੇ ਇਖ਼ਲਾਕਾਂ ਨਾਲੋਂ, ਪ੍ਰਯਤਨਾਂ ਨਾਲੋਂ ਨਿਹਕੇਵਲ (ਕੈਵੱਲ) ਹੋ ਜਾਣ ਨੂੰ ਚੰਗਾ ਜਾਤਾ[2], ਤਦੋਂ ਉਸਦੇ ਅੰਦਰ ਇਕ ਮੂਰਤ ਬਣੀ ਜੋ ਉਸਨੇ ਕਾਗਤ ਪਰ ਖਿੱਚਕੇ ਹਿੰਦ ਸਾਹਿਤਜ ਚਿੱਤ੍ਰਸ਼ਾਲ ਵਿਚ ਰੱਖ ਦਿੱਤੀ ਤੇ ਹੇਠਾਂ ਲਿਖ ਦਿਤਾ 'ਵੈਰਾਗ ਸ਼ੱਤਕ'। ਸੋ-

ਹਿੰਦ ਬਾਗ਼ ਦੇ ਇਕ ਨੌ ਨਿਹਾਲ ਨੂੰ ਤ੍ਰੈ ਲੱਗੇ ਫਲ ਇਹ ਤ੍ਰੈ ਸ਼ੱਤਕ ਹਨ।

ਹਾਂ ਜੀ, ਇਕ ਉੱਨਤਿ ਪਰ ਵੈਰਾਗੀ ਹਿਰਦੇ ਦੀ ਤਸਵੀਰ ਸਾਡੇ ਪਾਸ ਹੈ।

ਹਿੰਦੁਸਤਾਨ ਦੇ ਨਿੰਮ੍ਰਤਾ, ਆਪਾ ਨਿਵਾਰਨ ਵਾਲੇ ਤੇ ਹਉਮੈਂ ਪਰ ਫਤਹ ਪਾਉਣ ਵਾਲੇ ਸੁਭਾਵ ਮੂਜਬ ਇਸਦੇ ਮਹਾਂਪੁਰਖਾਂ ਨੇ ਜਿਸ ਜਿਸ ਖ਼ੂਬਸੂਰਤੀ ਨੂੰ ਆਪਣੇ ਅੰਦਰ ਧਿਆਨ ਸ਼ਕਤੀ ਨਾਲ ਆਂਦਾ, ਉਸਨੂੰ ਸੰਸਾਰ ਦੇ ਲਾਭ

---

੧. ਦੇਖੋ ਵੈਰਾਗ ਸ਼ੱਤਕ ਦਾ ਦੂਸਰਾ ਸ਼ਲੋਕ।

੨. ਵੈਰਾਗ 'ਪ੍ਰਯੋਜਨ' ਨਹੀਂ ਪਰ ਕਿਸੇ ਅਟਾਰੀ ਦਾ ਦਰਵਾਜ਼ਾ ਹੈ।

Sri Satguru Jagjit Singh Ji eLibrary NamdhariElibrary@gmail.com

ਹਿਤ ਸ੍ਰਿਸ਼ਟੀ ਦੇ ਹਵਾਲੇ ਕੀਤਾ ਕਿ ਉਹਨਾਂ ਵਿਚ ਪੈਦਾ ਹੋਏ ਸੁਹਜ ਤੇ ਸੋਝੀ ਦਾ ਹੋਰਨਾਂ ਪਰ ਝਲਕਾ ਪਵੇ ਤੇ ਉਹ ਰਸ ਲੈਣ, ਉੱਨਤ ਹੋਣ, ਪਰ ਉਹਨਾਂ ਨੇ ਆਪਣੇ ਸਰੀਰ ਨੂੰ, ਕਿ ਸਰੀਰ ਦੀ ਕ੍ਰਿਆ ਨੂੰ, ਕਿ ਮਨੁਖ ਨਾਟ ਨੂੰ ਨਸਲਾਂ ਲਈ ਛੱਡ ਜਾਣਾ ਮੁਨਾਸਬ ਨਹੀਂ ਜਾਤਾ। ਜੋ ਲੋਕ ਆਪਾ ਮਾਰਨਾ ਇਕ ਕਮਾਲ ਸਮਝਦੇ ਸਨ, ਉਹਨਾਂ ਨੂੰ ਆਪਣੇ ਜੀਵਨ ਨੂੰ ਅਗੇ ਕਰਨ ਦਾ ਖਿਆਲ ਹੋ ਨਹੀਂ ਸਕਦਾ, ਸ਼ਾਇਦ ਇਸ ਕਰਕੇ ਆਪਣੇ ਜੀਵਨ ਨਹੀਂ ਲਿਖਦੇ ਰਹੇ। ਦੂਸਰੇ ਅਕਸਰ ਕਵੀਆਂ ਦੀ ਕਦਰ ਮਰਨ ਤੋਂ ਚਿਰ ਕਾਲ ਪਿੱਛੋਂ ਹੁੰਦੀ ਰਹੀ ਹੈ, ਜਿਸ ਕਰਕੇ ਦੂਸਰਿਆਂ ਵਿਦਵਾਨਾਂ ਨੂੰ ਕਵੀਆਂ ਦੇ ਜੀਵਨ ਚਰਿੱਤ੍ਰ ਦਾ ਮਸਾਲਾ ਮਿਲਨਾ ਦੁਸ਼ਤਰ ਹੋ ਜਾਂਦਾ ਸੀ। ਹਿੰਦ ਦਾ ਖਿਆਲ ਐਉਂਦਾ ਰਿਹਾ ਜਾਪਦਾ ਹੈ :- ਇਕ ਛੰਭ ਨੇ ਕੌਲ ਫੁਲ ਪੈਦਾ ਕਰਕੇ ਸ੍ਰਿਸ਼ਟੀ ਨੂੰ ਘੱਲ ਦਿੱਤੇ ਪਰ ਉਸਦੇ ਨਾਲ ਛੰਭ ਦੇ ਸਿਵਾਲ ਦਾ ਕੋਈ ਹਿੱਸਾ; ਲੰਮਾ, ਚੁੜਾ, ਡੂੰਘਾ ਦਾ ਕੋਈ ਲੇਖਾ ਨਹੀਂ ਘੱਲਿਆ।

ਇਹ ਹਿੰਦੁਸਤਾਨ ਦੇ ਵਿਦਵਾਨਾਂ ਦਾ ਵੱਖਰਾ ਨੁਕਤਾ ਹੈ, ਜਿਸ ਕਰਕੇ ਸਾਨੂੰ ਉਨ੍ਹਾਂ ਦੇ ਸੌਣ ਜਾਗਣ, ਲੜਨ ਭਿੜਨ, ਦੁਖ ਸੁਖ, ਜੰਮਣ ਮਰਨ, ਖਖੇੜਾਂ ਬਖੇੜਾਂ ਦੇ ਹਾਲਾਤਾਂ ਦੇ ਸੰਮਤ ਨਹੀਂ ਲੱਝਦੇ। ਹਰੇਕ ਵੱਡੇ ਦੀ ਪੈਦਾ ਕੀਤੀ ਸੁੰਦਰਤਾ ਯਾ ਕੋਈ ਇਕ ਪ੍ਰਸੰਗ, ਜਿਸਨੇ ਉਹਨਾਂ ਦੇ ਅੰਦਰ ਵਸਦੀ ਆਮ ਮਨੁੱਖਾਂ ਤੋਂ ਉਚੇਰੀ ਕਲਾ ਨੂੰ ਪ੍ਰਗਟ ਕਰ ਦਿੱਤਾ ਤੇ ਜੀਵਨ ਨੂੰ ਪਲਟਾ ਦੇ ਦਿੱਤਾ ਦਾ ਪਤਾ ਤਾਂ ਕਿਸੇ ਨਾਂ ਕਿਸੇ ਸਕਲ ਵਿਚ ਹਿੰਦੀ ਵੱਡੇ ਲਿਖਕੇ ਯਾ ਜ਼ਬਾਨੀ ਦੇ ਗਏ ਹਨ ਪਰ ਅਰਬ ਵਾਸੀਆਂ ਦੇ ਨਮੂਨੇ ਦਾ ਇਤਿਹਾਸ ਬਾਹਰਲੀਆਂ ਕ੍ਰਿਯਾ ਦਾ ਘਟ ਲਿਖਦੇ ਰਹੇ ਜਾਪਦੇ ਹਨ। ਸੋ ਸਾਡੇ ਪਾਸ ਹਿੰਦ ਦੇ ਉਸ ਨੌ ਨਿਹਾਲ ਦਾ ਐਸਾ ਇਤਿਹਾਸ ਨਹੀਂ ਹੈ, ਪਰ ਉਸਦਾ ਹਿਰਦਾ ਇਤਿਹਾਸ ਹੈ, ਅਰ ਸਦਾ ਜੀਉਂਦਾ ਚਿੱਤ੍ਰਸ਼ਾਲ ਵਿਚ ਸਦਾ ਜੀਉਂਦਾ ਹੋ ਰਿਹਾ, ਦਿੱਸ ਰਿਹਾ, ਵਰਤ ਰਿਹਾ ਪ੍ਰਤੱਖ ਜੀਵਨ ਹੈ।

ਨਾਮ ਉਸ ਮੁਸੱਵਰ ਦਾ ਭਰਥਰੀ ਰਖੋ ਯਾ ਹੋਰ, ਰਾਜਾ ਕਹੋ ਯਾ ਮੁਨੀ, ਇਸਤ੍ਰੀ ਵਿਯੋਗ ਕਹੋ ਯਾ ਇਸਤ੍ਰੀ ਦੂਪਿਤ, ਕੱਲ ਹੋਯਾ ਕਹੱਯਾ ੧੩੦੦

Sri Satguru Jagjit Singh Ji eLibrary NamdhariElibrary@gmail.com

ਬਰਸ ਪਹਿਲੇ, ਉਸਦੀ ਖਿੱਚੀ ਤਸਵੀਰ ਤੇ ਉਸਦਾ ਪ੍ਰਭਾਵ ਤੇ ਅਸਰ ਪ੍ਰਦਿਪਤ ਹੈ, ਅਰ ਦੱਸ ਰਿਹਾ ਹੈ ਕਿ ਮੋਹ ਪਿਆਰ ਵਿਚ ਪੈਣਾ, ਫੇਰ ਅਕਲ ਆਉਣੀ ਤੇ ਦਾਨੇ ਹੋਣਾ, ਅੰਤ ਦ੍ਰਿਸ਼ਟਮਾਨ ਤੋਂ ਨਜ਼ਰ ਉੱਠਕੇ ਕਿਸੇ ਅਮਰ ਅਨੰਤ 'ਸੱਚ' ਦੀ ਤਲਾਸ਼ ਲਈ ਵੈਰਾਗ ਹੋ ਜਾਣਾ ਏਹ ਤਰੰਗ ਹਨ, ਜੋ ਇਨਸਾਨੀ ਦਿਲਾਂ ਵਿਚ ਵਰਤ ਸਕਦੇ ਹਨ, ਅਰ ਕਿਸੇ ਅਕਲ ਤੇ ਵਲਵਲੇ ਵਾਲੇ ਹ੍ਰਿਦੇ ਨੂੰ ਐਸੇ ਕਿਸਮ ਦੇ ਤਜਰਬੇ ਪੇਸ਼ ਆ ਸਕਦੇ ਹਨ, ਜੈਸੇ ਇਨਸਾਨੀ ਭਰਥਰੀ ਨੂੰ ਆਏ ਤੇ ਜ਼ਿੰਦਗੀ ਦੇ ਡੂੰਘੇ ਮਰਮਾਂ ਦੇ ਕਠਨ ਵੇਲਿਆਂ ਤੇ ਇਹ ਹੋ ਚੁਕੇ ਤਜਰਬੇ ਹੋਰਨਾਂ ਇਨਸਾਨਾਂ ਦੀ ਸਹਾਇਤਾ ਕਰ ਸਕਦੇ ਹਨ। ਹਿੰਦ ਨੇ ਇਤਿਹਾਸ ਏਸ ਤਰ੍ਹਾਂ ਲਿਖਿਆ ਹੈ। ਉਨ੍ਹਾਂ ਨੇ ਅੰਦਰਲੇ ਸੱਚ ਵਲ ਧਿਆਨ ਜੋੜਿਆ ਸੀ ਤੇ ਓਧਰ ਧਿਆਨ ਖਿੱਚੇ ਸਨ ਤੇ ਉੱਨਤੀ ਕੀਤੀ ਸੀ। ਪੱਛਮ ਦੀ ਤਵੱਜੋ ਬਾਹਰ ਮੁਖੀ ਤੇ ਉੱਨਤੀ ਦ੍ਰਿਸ਼ਟਮਾਨ ਵਿਚ ਹੈ। ਓਹਨਾਂ ਦੇ ਕਲਾਵਾਨਾਂ ਨੇ ਬਾਹਰਲੇ ਨਾਟ ਵਿਚ ਧੁਨਿ ਰੱਖੀ ਹੈ। ਸੋ ਪੱਛੋਂ ਦੀ ਬਾਹਰ ਮੁਖੀ ਰੋਸ਼ਨੀ ਵਿਚ ਪੂਰਬ ਦੇ 'ਅੰਤਰ ਮੁਖ ਧਿਆਨ ਪ੍ਰਕਾਸ਼' ਨੂੰ ਲੋਪ ਕਰਨ ਦੀ ਥਾਂ ਦੋ ਦੀਵਿਆਂ ਦੇ ਚਾਨਣ ਵਾਂਗੂ ਦੋਹਾਂ ਰੋਸ਼ਨੀਆਂ ਦੇ ਇਕ ਦੂਏ ਨੂੰ ਦੁਬਾਲਾ ਕਰਨ ਵਾਲੇ ਵਤੀਰੇ ਹੀ ਸ੍ਰੇਸ਼ਟ ਹੋ ਸਕਦੇ ਹਨ।

-: ਇਤੀ :-

ੴ ✿ ੴ

Sri Satguru Jagjit Singh Ji eLibrary NamdhariElibrary@gmail.com

# 2 ਭਰਥਰੀ ਹਰੀ 'ਨੀਤੀ ਸ਼ਤਕ'

# ਨੀਤੀ ਸ਼ਤਕ

## ਮੰਗਲਾਚਰਨ

੧. ਦਸੋ ਦਿਸ਼ਾ ਜੋ ਵਜਾਪਿਆ, ਪਰੀ ਪੂਰਨ ਤ੍ਰੈਕਾਲ॥
ਮੂਰਤ ਚੇਤਨ ਜੋ ਅਹੈ, ਹੈ ਅਨੰਤ ਹਰ ਹਾਲ॥
ਅਪਨੇ ਅਨੁਭਵ ਗਜਾਨ ਬਿਨੁ, ਜੋ ਨਹਿੰ ਜਾਣਜਾਂ ਜਾਇ॥
ਐਸੇ ਪ੍ਰਭੂ ਨੂੰ ਬੰਦਨਾ, ਤੇਜ ਸ਼ਾਂਤਿ ਰੂਪਾਇ॥

## ਮੂਰਖ ਨਿੰਦਾ

੨. ਜਿਸਦੇ ਪ੍ਰੇਮ ਵਿਚ ਕੁੱਠਿਆ ਫਿਰਾਂ ਮੈਂ ਹਾਂ,
ਮੈਨੂੰ ਛੱਡ ਉਹ ਹੋਰ ਨੂੰ ਪਜਾਰਦੀ ਹੈ!
ਓਹੋ ਓਸਨੂੰ ਛੱਡ ਕੇ ਹੋਰ ਪਜਾਰੇ,
ਪਜਾਰੀ ਓਹ ਫਿਰ ਅਸਾਂ ਨੂੰ ਪਜਾਰੰਦੀ ਹੈ!
ਧ੍ਰਿੱਗ ਪ੍ਰਿਯਾ ਮੇਰੀ, ਧ੍ਰਿਗ ਉਹਦੇ ਪਜਾਰੇ,
ਉਹਦੀ ਪਜਾਰੀ ਨੂੰ ਫਿਟਕ ਫਿਟਕਾਰਦੀ ਹੈ!
ਮੈਨੂੰ ਧ੍ਰਿੱਗ ਤੇ ਧ੍ਰਿੱਗ ਹੈ ਕਾਮ ਦੇਵੰ,
ਜਿਸਦੀ ਪ੍ਰੇਰਨਾ ਸਭਸ ਨੂੰ ਮਾਰਦੀ ਹੈ!

Sri Satguru Jagjit Singh Ji eLibrary NamdhariElibrary@gmail.com

੩. ਅਗਿਆਨੀ ਸੁਖ ਨਾਲ ਮਨੀਂਦਾ,
ਅਤਿ ਸੁਖ ਨਾਲ ਗਿਆਨੀ।

ਬ੍ਰਹਮਾ ਭੀ ਰੀਝਾ ਨਹੀਂ ਸਕਦਾ,
ਗਰਬੀ ਅਲਪ-ਗਿਆਨੀ।

੪. ਮਗਰ ਮੱਛ ਦੀ ਦਾੜ੍ਹਾਂ ਦੀ ਨੋਕ ਹੇਠੋਂ,
ਨਾਲ ਜੋਰ ਦੇ ਮਣੀ ਕਢਵਾ ਲਈਏ।

ਚੰਚਲ ਉਛਲਦਾ ਲਹਿਰ ਤਰੰਗ ਸਾਗਰ,
ਜ਼ੋਰ ਡੌਲਿਆਂ ਦੇ ਤਰ ਪਾਰ ਪਈਏ।

ਗੁੱਸੇ ਭਰੇ ਵਿਕਰਾਲ ਇਕ ਸੱਪ ਤਾਈਂ,
ਫੁਲ ਵਾਂਗ ਉਠਾਇਕੇ ਸੀਸ ਚਈਏ।

ਐਪਰ ਧਸੇ ਅਸੱਤਿ ਵਿਚ ਚਿੱਤ ਮੂਰਖ,
ਕਿਸੇ ਤਰ੍ਹਾਂ ਨਾਂ ਕੱਢ ਨਿਵਾਰ ਲਈਏ।

੫. ਰੇਤ ਪੀੜੀਏ ਯਤਨ ਦੇ ਨਾਲ ਜੇਕਰ,
ਤੇਲ ਨਿਕਲ ਆਵੇ, ਤਾਂ ਅਸਚਰਜ ਨਾਂਹੀ।

ਤਿਹਾਇਆ ਹੰਢਦਾ ਮਿਰਗ ਵਿਚ ਤ੍ਰਿਸ਼ਨਕਾ ਦੇ,
ਪਾਵੇ ਨੀਰ ਤਾਂ ਮੰਨਣ ਵਿਚ ਹਰਜ ਨਾਂਹੀ।

ਸਿੰਙ ਸਹੇ ਦਾ ਲੱਭਣਾ ਚਹੋ ਜੇਕਰ,
ਲੱਭ ਪਵੇ ਅਸਚਰਜ ਨਾ ਏਸ ਮਾਂਹੀ।

ਐਪਰ ਮੂਰਖ ਦਾ ਚਿੱਤ ਅਸੱਤਿ ਫਾਥਾ;
ਕਦੇ ਕਿਸੇ ਨਾ ਸਾਧ ਸਵਾਰਿਆ ਈ।

Sri Satguru Jagjit Singh Ji eLibrary NamdhariElibrary@gmail.com

੬. ਭੇਂ ਤੋੜਿਆਂ ਸੂਤ ਦੀ ਤਾਰ ਨਿਕਲੇ,
ਹਾਥੀ ਤਾਰ ਉਸ ਨਾਲ ਬਨ੍ਹਾਂਵਦਾ ਜੇ,
ਸ੍ਰੀਂਹ ਦੇ ਫੁੱਲ ਦੀ ਪੰਖੜੀ ਵਾਂਗ ਸੂਈ,
ਹੀਰਾ ਨਾਲ ਉਸ ਸੂਈ ਵਿਨ੍ਹਾਂਵਦਾ ਜੇ,
ਪਾਕੇ ਮਾਖਿਓ ਦੀ ਇਕ ਬੂੰਦ ਮਿੱਠੀ,
ਖਾਰਾ ਸਾਗਰ ਉਹ ਮਿੱਠਾ ਕਰਾਂਵਦਾ ਜੇ,
ਜਿਹੜਾ ਵਾਕ ਮਿਠੇ ਨਾਲ ਮੂਰਖਾਂ ਨੂੰ,
ਸਤਿ ਮਾਰਗ ਤੇ ਲਜਾਵਣਾ ਚਾਂਹਵਦਾ ਜੇ।

੭. ਮੂੰਹੋਂ ਨਿਕਲਿਆ ਵੱਸ ਤੋਂ ਬਾਹਰ ਹੋਇਆ,
ਚੁਪ ਰਹਿਣ ਹੈ ਆਪ ਦੇ ਵੱਸ ਅੰਦਰ।
ਚੁੱਪ ਵਿਚ ਅਨੇਕ ਹੀ ਲਾਭ ਹੁੰਦੇ,
ਚੁੱਪ ਜਾਣੀਓਂ ਗੁਣਾਂ ਦਾ ਉੱਚ ਮੰਦਰ।
ਕੱਜਣ ਚੁੱਪ ਬਣਾਇਆ ਅਗਿਆਨਤਾ ਦਾ,
ਮੂਰਖ ਮੱਤ ਦੇ ਲੁਕਣ ਨੂੰ ਰਚੀ ਕੰਦਰ।
ਗਜਾਨ-ਵਾਨਾਂ ਦੀ ਸਭਾ ਵਿਚ ਮੂਰਖਾਂ ਦਾ,
ਇਕੋ ਚੁਪ ਭੂਸ਼ਣ, ਇੱਕੋ ਚੁੱਪ ਸੰਦਰ।

੮. ਅਲਪ ਗਜਾਨ ਪਾਕੇ ਨੈਣ ਅੰਧ ਹੋਏ,
ਨਜ਼ਰ ਹੇਠ ਨਾ ਕਿਸੇ ਨੂੰ ਲਜਾਂਵਦਾ ਸਾਂ।
ਅਪਣਾ ਆਪ ਸਰਬੱਗ ਦਿਸੀਂਵਦਾ ਸੀ,
ਫੁਲਿਆ ਵਾਂਙ ਹਾਥੀ ਨਹੀਂ ਮਾਂਵਦਾਂ ਸਾਂ।
ਐਪਰ ਗੁਣੀਆਂ ਦੇ ਸੰਗ ਜਦ ਗਜਾਨ ਆਯਾ,
ਆਪੇ ਆਪ ਨੂੰ ਮੂਰਖ ਦਿਸ ਆਂਵਦਾ ਸਾਂ।
ਮਦ ਗਰਬ ਦਾ ਉਤਰਿਆ ਤਾਪ ਵਾਂਗੂੰ,
ਠੰਢ ਕਾਲਜੇ ਦੇ ਵਿਚ ਪਾਂਵਦਾ ਸਾਂ।

Sri Satguru Jagjit Singh Ji eLibrary NamdhariElibrary@gmail.com

੯. ਭਰਿਆ ਕੀੜਿਆਂ, ਲਿਬੜਿਆ ਨਾਲ ਥੁੱਕਾਂ
ਬੋ ਦਾਰ, ਬੇਸ੍ਵਾਦ, ਬੇ ਮਾਸ, ਮਾੜਾ,
ਹੱਡ ਦੇਖ ਮਨੁੱਖ ਦਾ, ਲਲਚ ਕੁੱਤਾ,
ਨਾਲ ਸ੍ਵਾਦ ਖਾਂਦਾ ਚਿਥਦਾ ਹੇਠ ਦਾੜ੍ਹਾਂ।
ਕੋਲ ਆਨ ਖੜੋਵੇ ਜੇ ਇੰਦ੍ਰ ਇਸਦੇ,
ਸ਼ਰਮ ਕਰੇ ਨਾ ਬੇ ਪਰਵਾਹ ਆੜਾ[1]।
ਤਿਵੇਂ ਤੁੱਛਤਾ ਚੀਜ ਦੀ ਗਿਣੇ ਨਾਹੀਂ,
ਲੈਣ ਲੈਣ ਦਾ ਨੀਚ ਨੂੰ ਰਹੇ ਸਾੜਾ।

੧੦. ਪਹਿਲੋਂ ਸ੍ਵਰਗ ਤੋਂ ਗੰਗ ਜਦ ਹੇਠ ਢੱਠੀ,
ਉੱਚੇ ਸ਼ਿਵਾਂ ਦੇ ਸੀਸ ਵਿਚਕਾਰ ਆਈ।
ਏਥੋਂ ਢੱਠਕੇ ਉੱਚੇ ਪਹਾੜ ਡਿੱਗੀ,
ਪਰਬਤ ਉਪਰੋਂ ਡਿੱਗ ਮੈਦਾਨ ਜਾਈ।
ਢਹਿੰਦੀ ਹੇਠ ਹੀ ਹੇਠ ਨੂੰ ਗਈ ਏਥੋਂ,
ਨੀਵੀਂ ਨੀਵੀਂ ਹੋ ਗਈ ਸਮੁੰਦ ਤਾਈਂ
ਤਜੋਂ ਵਿਵੇਕ[2] ਤੋਂ ਭ੍ਰਸ਼ਟ ਹੋ ਜਾਣ ਜੇੜ੍ਹੇ,
ਡਿਗਦੇ ਹੇਠ ਹੀ ਹੇਠ ਨੂੰ ਕਰਨ ਧਾਈ।

੧੧. ਪਾਣੀ ਨਾਲ ਹੈ ਅੱਗ ਸੰਭਾਲ ਹੁੰਦੀ
ਦਾਰੂ ਧੁੱਪ ਦਾ ਛੱਤਰੀ ਜਾਨ ਭਾਈ।
ਤ੍ਰਿਖਾ ਅੰਕੁਸ ਇਲਾਜ ਗਜ ਮਸਤ ਦਾ ਹੈ
ਖੋਤੇ ਬੈਲ ਨੂੰ ਡਾਂਗ ਹੀ ਰਾਸ ਆਈ
ਦੁਖ ਦੂਰ ਹੋਵੇ ਨਾਲ ਦਾਰੂਆਂ ਦੇ,
ਵਿਹੁ ਮੰਤਰਾਂ ਦੇ ਨਾਲ ਨੱਸਦਾ ਈ।

---

੧. ਟੇਢਾ, ਨੀਚ। ੨. ਇਨਸਾਫ, ਨਿਆਂ, ਬੁੱਧੀ।

Sri Satguru Jagjit Singh Ji eLibrary NamdhariElibrary@gmail.com

ਹਰ ਇਕ ਗੱਲ ਦਾ ਸ਼ਾਸਤਰ ਕਹੇ ਦਾਰੂ,
ਐਪਰ ਮੂਰਖ ਦੀ ਨਹੀਂ ਦਵਾ ਕਾਈ।

੧੨. ਰਾਗ ਵਿੱਦਿਆ ਤੋਂ ਕੋਰਾ ਕੱਖ ਜਿਹੜਾ,
ਨਹੀਂ ਜਾਣਦਾ ਜੋ ਸਾਹਿੱਤ[1] ਭਾਈ।
ਦੋਹਾਂ ਕਲਾਂ[2] ਤੋਂ ਖਾਲੀ ਮਨੁੱਖ ਜਿਹੜਾ,
ਓਹਨੂੰ ਆਦਮੀ ਕਦੀ ਨ ਜਾਣਨਾ ਈਂ।
ਪੂਛ ਸਿੰਗ ਤੋਂ ਰਹਿਤ ਓ ਪਸ਼ੂ ਜਾਣੇਂ,
ਹੋਰ ਫਰਕ ਨਾ ਜਾਣਨਾ ਰਤੀ ਰਾਈ।
ਜਿਉਂਦਾ ਰਹੇ ਏ ਪਸ਼ੂ ਬਿਨ ਘਾਸ ਖਾਧੇ,
ਭਾਗ ਏਸਦੇ ਵਿੱਚ ਏ ਵਾਧੜਾ ਈ॥

੧੩. ਪੱਲੇ ਨਾ ਵਿਦਜਾ, ਨ. ਤਪ ਦਾਨ ਹੈਵੇ,
ਨ ਗੁਣ ਗਜਾਨ ਜਤ ਸਤ ਤੇ ਨਾਂ ਧਰਮ ਕਰਦੇ।
ਓ ਲਖ ਏਸ ਧਰਤੀ ਤੇ ਹਨ ਭਾਰ ਭੂਮੀ,
ਮਨੁਖ ਰੂਪ ਹਨ, ਪਰ ਮ੍ਰਿਗਾਂ ਵਾਂਗ ਫਿਰਦੇ।

੧੪. ਸਾਥ ਨ ਮੂਰਖ ਦਾ ਭਲਾ, ਚਹੇ,
ਮਿਲੇ ਇੰਦ੍ਰ ਦਾ ਦੁਆਰ।
ਸਾਥ ਭਲੇਰਾ ਬਨਚਰਾਂ, ਚਹੋ
ਪਰਬਤ ਬਨ ਵਿਚਕਾਰ॥

---

੧. ਕਾਵਜ ਆਦਿ ਵਿਦਿਆ ਦੀ ਰਚਨਾ।
੨. ਗੁਣਾਂ।

Sri Satguru Jagjit Singh Ji eLibrary NamdhariElibrary@gmail.com

## ਵਿੱਦਵਤਾ ਦੀ ਪ੍ਰਸੰਸਾ

੧੫. ਵਿਦਜਾਵਾਨ ਪਰਸਿੱਧ ਤੇ ਗਿਰਾ ਸੁੰਦਰ,
ਵਿੱਦਜਾ ਅਰਥੀਆਂ ਨੂੰ ਵਿੱਦਜਾ ਦੇਣ ਭਾਈ।
ਐਸੇ ਕਵੀ ਜਿਸ ਦੇਸ਼ ਵਿਚ ਰਹਿਣ ਨਿਰਧਨ,
ਮੂਰਖ ਆਖੀਏ ਰਾਜੇ ਉਸ ਦੇਸ਼ ਤਾਈਂ।
ਬਿਨਾ ਦੌਲਤੋਂ ਬੀ ਕਵੀ ਹੈਨ ਰਾਜੇ,
ਬਿਨਾਂ ਸੋਨਿਓਂ ਬੀ ਮਣੀ ਰਤਨ ਜਾਈ,
ਐਪਰ ਮਣੀ ਦਾ ਮੁੱਲ ਘਟਾਣ ਵਾਲੇ,
'ਖੋਟੇ ਪਾਰਖੂ' ਜਗਤ ਅਖਾਂਵਦਾ ਈ॥

੧੬. ਜਿਸਨੂੰ ਚੋਰ ਚੁਰਾ ਨਾ ਸੱਕਦੇ ਨੀ,
ਜਿਹੜਾ ਸੁੱਖ ਹੀ ਸੁੱਖ ਨਿਤ ਦੇਂਵਦਾ ਈ।
ਜੇਹੜਾ ਦਿੱਤਿਆਂ ਘੱਟੇ ਨਾ, ਵਧੇ ਸਗਮਾ,
ਜੁਗਾਂ ਵਿੱਚ ਪੁਰਾਣਾ ਨਾ ਹੋਂਵਦਾ ਈ।
'ਵਿਦਜਾ ਧਨ' ਓ ਸਦਾ ਅਖੁੱਟ ਜਿਹੜਾ,
ਜਿਨ੍ਹਾਂ ਅੰਦਰੇ ਏਹ ਧਨ ਮੇਂਵਦਾ ਈ।
ਉਨ੍ਹਾਂ ਨਾਲ ਅਭਿਮਾਨ ਨਾ ਕਰੋ ਰਾਜਾ!
ਸ਼ਾਨ ਉਨ੍ਹਾਂ ਦੀ ਕੌਣ ਮਿਚੇਂਵਦਾ ਈ॥

੧੭. ਨਵੇਂ ਮੱਦ ਦੀ ਧਾਰ ਦੇ ਨਾਲ ਮੱਤੇ,
ਸ਼ਜਾਮ ਸੀਸ ਵਾਲੇ ਹਾਥੀ ਮਸਤ ਤਾਂਈਂ।
ਡੰਡੀ ਕਮਲ ਦੀ ਜਿਵੇਂ ਨਾ ਬੰਨ੍ਹ ਸਕਦੀ,
ਤਾਰ ਕੱਚੀ ਦੀ ਪੇਸ਼ ਨਾ ਰਤੀ ਜਾਈ।
ਮੋਖ ਦਾਤੀ ਪਰਮਾਰਥੀ ਵਿੱਦਿਆ ਦੇ,
ਪੰਡਤ ਮਸਤ ਜੋ ਹੈਨ ਪਰਬੀਨ ਭਾਈ।

Sri Satguru Jagjit Singh Ji eLibrary NamdhariElibrary@gmail.com

ਕਦੀ ਕਰੋ ਅਪਮਾਨ ਨਾਂ ਇਨ੍ਹਾਂ ਸੰਦਾ,
ਮਾਇਆਂ ਤੁਸਾਂ ਨਾਂ ਸਕੇਗੀ ਰੋਕ ਪਾਈ।

੧੮. ਹੰਸ ਉਤੇ ਜੇ ਬ੍ਰਹਮਾਂ ਨੂੰ ਕ੍ਰੋਧ ਆਵੇ,
ਕੌਲ ਫੁਲਾਂ ਨਿਵਾਸ ਤੋਂ ਕੱਢ ਦੇਸੀ।
ਬਨ ਦਾ ਸ੍ਵਾਦ ਤੇ ਰੰਗ ਭੀ ਖੋਹ ਲੈਸੀ;
ਦੂਰ ਓਪਰੇ ਥਾਂਉਂ ਤੇ ਛੱਡ ਦੇਸੀ।
ਐਪਰ ਹੰਸ ਦੀ ਕੀਰਤੀ ਜਗਤ ਉੱਘੀ,
ਦੁੱਧ ਦਿਓ ਤਾਂ ਨੀਰ ਕਰ ਅੱਡ ਦੇਸੀ;
ਇਸ ਪ੍ਰਬੀਨਤਾ ਦੀ ਜਿਹੜੀ ਕੀਰਤੀ ਹੈ,
ਬ੍ਰਹਮਾਂ ਏਸਨੂੰ ਕੀਕੁਰਾਂ ਵੱਢ ਦੇਸੀ?

੧੯. ਕੀ ਫਬਨ ਫਬਾਨਗੇ ਕੜੇ ਸੁਹਣੇ,
ਚੰਨਣ ਹਾਰ ਕੀ ਛਬੀ ਵਧਾਣਗੇ ਜੀ।
ਸੰਦਲ ਲੇਪ ਇਸ਼ਨਾਨ ਤੇ ਵਾਲ ਕੁੰਡਲ,
ਗਹਿਣੇ ਫੁਲਾਂ ਦੇ ਸੁਹਜ ਨਹਿੰ ਲਾਣਗੇ ਜੀ।
ਸੁਹਜ ਲਾਇਰੇਗੀ ਬਾਣੀ* ਜੁ ਪੜ੍ਹੀ ਗੁੜ੍ਹ ਕੇ;
ਧਾਰਨ ਕਰਨ ਵਾਲੇ ਸੁਖ ਪਾਣਗੇ ਜੀ।
ਸੱਚਾ ਰਹਿਣ ਵਾਲਾ ਗਹਿਣਾ ਗਿਰਾ* ਜਾਣੋ,
ਹੋਰ ਗਹਿਣੇ ਸਭ ਨਸ਼ਟ ਹੋ ਜਾਣਗੇ ਜੀ।

---

* ਬਾਣੀ, ਗਿਰਾ=ਫਸਾਹਤ। ਵਿੱਦਵਤਾ ਤੇ ਖ਼ੂਬਸੂਰਤੀ ਨਾਲ ਬੋਲਣ ਦਾ ਗੁਣ।

Sri Satguru Jagjit Singh Ji eLibrary NamdhariElibrary@gmail.com

੨੦. ਉੱਚੀ ਭਾਂਤ ਦੀ ਸੁੰਦ੍ਰਤਾ ਆਦਮੀ ਦੀ,
ਗੁੱਝੀ ਦੌਲਤ ਏ ਵਿੱਦਿਆ ਜਾਨ ਭਾਈ!
ਸੁਖ ਖੁਸ਼ੀ ਦਾਤੀ, ਕਰੇ ਕੀਰਤੀ ਜੋ,
ਵਿੱਦਿਆ ਗੁਰੂਆਂ ਦਾ ਗੁਰੂ ਜੀ ਜਾਣਨਾ ਈ।
ਵਿਦਜਾ ਸਾਕ ਜੇ ਵਿੱਚ ਪਰਦੇਸ਼ ਲੋਕੋ,
ਵਿਚ ਪ੍ਰਲੋਕ ਦੇ ਪਰਮ ਏ ਦੇਵਤਾ ਈ।
ਧਨ ਛੱਡ ਰਾਜੇ ਪੂਜਣ ਵਿੱਦਿਆ ਨੂੰ,
ਵਿਦਜਾ ਬਿਨਾਂ ਨਰ ਪਸ਼ੂ ਸਿਆਣਨਾ ਈ।

੨੧. ਹੋਵੇ ਖਿਮਾਂ, ਸੰਜੋਅ ਦੀ ਲੋੜ ਨਾਹੀਂ!,
ਹੋਵੇ ਕ੍ਰੋਧ, ਤਾਂ ਵੈਰੀਆਂ ਅਤਿ ਕਿੱਥੇ।
ਰਿਝਦੇ ਦਿਲਾਂ ਨੂੰ ਅੱਗ ਦੀ ਲੋੜ ਨਾਹੀਂ,
ਕੀ ਹੈ ਲੋੜ ਦਾਰੂ, ਪਾਸ ਇਸ਼ਟ ਜਿੱਥੇ।
ਵੈਰੀ ਹੋਣ, ਤਾਂ ਸੱਪ ਕੀ ਖੁਹਣ ਖੁਹਸਣ,
ਪੂਰਨ ਵਿੱਦਿਆ ਮਿਲੇ, ਧਨ ਲੋੜ ਕਿੱਥੇ।
ਲਾਜ ਹੁੰਦਿਆਂ ਗਹਿਣਿਆਂ ਲੋੜ ਨਾਂਹੀ,
ਓਥੇ ਰਾਜ ਕੀ? ਕਵਿਤਾ ਰਸਾਲ ਜਿੱਥੇ।

੨੨. ਓਪ੍ਰੇ ਜਨਾਂ ਤੇ ਦਜਾਲ, ਉਦਾਰ ਸਜਣਾ,
ਨਾਲ ਖੋਟਿਆਂ ਦੰਡ ਵਰਤਾਉ ਹੋਵੇ।
ਪ੍ਰੀਤਿ ਸਾਧੂਆਂ, ਨੀਤਿ ਦਰਬਾਰ ਰਾਜੇ,
ਵਿਦਜਾਵਾਨ ਨਾਲ ਮਿਠ ਸੁਭਾਉ ਹੋਵੇ।
ਨਾਲ ਵੈਰੀਆਂ ਬੀਰਤਾ, ਖਿਮਾਂ ਵਡਿਆਂ
ਨਾਲ ਤੀਮੀਆਂ ਦਾਨਾਂ ਵਰਤਾਉ ਹੋਵੇ।

ਇਨ੍ਹਾਂ ਕਲਾਂ ਵਿੱਚ ਹੋਇ ਪਰਬੀਨ ਜਿਹੜਾ,
ਓਹੋ ਲੋਕ ਮਰਿਯਾਦ ਦਾ ਥਾਉਂ ਹੋਵੇ*॥

੨੩. ਬੁੱਧ ਆਦਮੀ ਦੀ ਏ ਕਰੇ ਉੱਜਲ,
ਬਾਣੀ ਵਿਚ ਏ ਭਰੇ ਹੈ ਸੱਚ ਸੱਤਜਾ।
ਉੱਚਿਆਂ ਮਾਨ ਵਡਿਆਈ ਨੂੰ ਕਰੇ ਏਹੋ,
ਵਿਘਨ ਪਾਪ ਏ ਮੇਟਦੀ ਸੱਭ ਹੱਤਜਾ।
ਅੰਦਰ ਚਿੱਤ ਦੇ ਭਰੇ ਪਰਸੰਨਤਾ ਏ,
ਬਾਹਰ ਕੀਰਤੀ ਦੇਸ਼ ਦਸੌਰ ਮੱਧਜਾ।
ਏ ਸਤਿਸੰਗ ਦਾਤੀ ਸਾਰੇ ਸੁਖਾਂ ਦੀ ਹੈਂ,
ਕਿਸੇ ਗੱਲੇ ਨ ਕੋਈ ਇਨ ਊਣ ਘੱਤਜਾ।

੨੪. ਆਦਰ ਯੋਗ ਸੁਭਾਗ ਕਵੀਸ਼੍ਵਰ ਜੋ,
ਰਸਾਂ ਨਾਲ ਭਿੰਨੀ ਕਵਿਤਾ ਰਚਨਹਾਰੇ।
ਕਾਯਾਂ ਕੀਰਤੀ ਇਨ੍ਹਾਂ ਦੀ ਅਮਰ ਹੋਈ,
ਜਰਾ ਮਰਨ ਦੇ ਡਰਾਂ ਤੋਂ ਪਈ ਪਾਰੇ॥

੨੫. ਪੁਤਰ ਸਦਾਚਾਰੀ, ਤ੍ਰੀਆ ਪਤੀਬਰਤਾ,
ਮਿੱਤਰ ਪ੍ਰੇਮ ਵਾਲੇ, ਮਿਹਰਬਾਨ ਸਾਂਈਂ।
ਸਾਕ ਨੇਕ ਤੇ ਸਰਲ ਸਫ਼ਾ ਹੋਵੇ,
ਮਨ ਕਲੇਸ਼ ਦੇ ਲੇਸ਼ ਤੋਂ ਰਹਿਤ ਭਾਈ।
ਸੁੰਦਰ ਰੂਪ ਹੋਵੇ, ਆਉਂਦਨ ਹੋਇ ਪੱਕੀ,
ਵਿਦਜਾ ਨਾਲ ਮੁਖ ਤੇ ਹੋਵੇ ਫਬਨ ਛਾਈ।

---

* ਸੰਸਾਰ ਦੀ ਮਰਿਯਾਦਾ ਦਾ ਆਸਰਾ, ਭਾਵ ਹੈ ਕਿ ਇਹਨਾਂ ਗੁਣਾਂ ਬਿਨਾਂ ਸੁਸਾਇਟੀ (ਭਾਈਚਾਰਾ) ਵਿਕੋਲਿੱਤ੍ਰੀ ਹੋ ਜਾਏਗੀ।

Sri Satguru Jagjit Singh Ji eLibrary NamdhariElibrary@gmail.com

ਦਾਤਾਂ ਉਹਨੂੰ ਨਸੀਬ ਇਹ ਹੋਣ ਜਿਸਤੇ,
ਮਨਸ਼ਾ ਪੂਰ ਅਰਸ਼ੀ[1] ਰੱਬ ਤੁੱਠਿਆਈ।

੨੬. ਜੀਵ ਹਿੰਸਾ, ਪਰ-ਦਰਬ ਤੋਂ ਪਰੇ ਰਹਿਣਾ,
ਸੱਚ ਬੋਲਣਾ, ਸਮੇਂ ਤੇ ਦਾਨ ਕਰਨਾ।
ਪਰ-ਤੀਆ ਦੀ ਕਥਾ ਤੇ ਚੁੱਪ ਰਹਿਣਾ,
ਤ੍ਰਿਸ਼ਨਾਂ ਕਾਂਗ ਨੂੰ ਤੋੜਨਾ ਤ੍ਰੇੜ ਜਰਨਾ।
ਨਾਲ ਵੱਡਿਆਂ ਨਿੰਮ੍ਰਤਾ ਧਾਰ ਤੁਰਨਾ।
ਪ੍ਰਾਣੀ ਮਾਤ੍ਰ ਤੇ ਦਇਆ ਵਰਤਾਉ ਸਰਨਾ।
ਨਿੱਤ ਨੇਮ ਕਰਨਾ, ਧਰਮ ਗ੍ਰੰਥ ਪੜ੍ਹਨਾ[2]
ਹੈ ਕਲਜਾਨ ਦਾ ਪੰਥ ਭਵਸਿੰਧ ਤਰਨਾ॥

੨੭. ਕੰਮ ਕਰਨ ਦਾ ਨੀਚ ਨਾ ਮੁੱਢ ਕਰਦੇ,
ਵਿਘਨ ਹੋਣ ਕੋਲੋਂ ਸਦਾ ਰਹਿਣ ਡਰਦੇ।
ਮੱਧਮ ਚਾ ਕੇ ਕੰਮ ਨੂੰ ਸ਼ੁਰੂ ਕਰਦੇ,
ਵਿਘਨ ਪੈਣ ਤੇ ਓਸਦਾ ਤਜਾਗ ਕਰਦੇ,
ਉੱਤਮ ਲੋਕ ਹਨ ਕੰਮ ਆਰੰਭ ਕਰਦੇ,
ਫੇਰ ਫੇਰ ਭਾਵੇਂ ਵਿਘਨ ਪੈਣ ਚੜ੍ਹਦੇ।
ਤਜਾਗ ਕੰਮ ਦਾ ਕਦੇ ਹੀ ਨਹੀਂ ਕਰਦੇ,
ਕੰਮ ਸਿਰੇ ਚਾੜ੍ਹਨ ਮੁਸ਼ਕਲ ਜਾਣ ਤਰਦੇ।

੨੮. ਸਤਿ ਪੁਰਖ ਨਾਂ ਦੁਸ਼ਟ ਦੇ ਪਾਸ ਜਾਕੇ,
ਕਦੇ ਦੀਨ ਹੋਕੇ ਹੱਥ ਆਨ ਅਡਦੇ।

---

੧. ਵਿਸ਼੍ਵਪ ਦਾ ਅਰਥ ਧਰਤੀ ਹੈ, ਪਰ ਸ੍ਵਰਗ ਭੀ ਕਰ ਲੈਂਦੇ ਹਨ।
੨. ਸਾਰੇ ਸ਼ਾਸਤ੍ਰਾਂ ਦਾ ਸੰਮਤ 'ਰਸਤਾ' ਭੀ ਅਰਥ ਹੈ।

Sri Satguru Jagjit Singh Ji eLibrary NamdhariElibrary@gmail.com

ਧਰਮ ਉਪਜੀਵਕਾ ਆਪਣੀ ਪਜਾਰ ਕਰਦੇ,
ਗ੍ਰੀਬ ਸਜਣ ਅੱਗੇ ਤਲੀ ਨਹੀਂ ਟਡਦੇ।
ਪ੍ਰਾਣ ਜਾਣ ਤਾਂ ਕਰਮ ਨਾ ਕਰਨ ਮੈਲੇ,
ਵਿਪਤਾ ਵਿਚ ਉੱਚੇ ਉੱਚ ਆਚਰਨ ਗਡਦੇ।
ਤਿੱਖੇ ਧਾਰ ਤਲਵਾਰ ਤੋਂ ਬ੍ਰੱਤ ਐਸੇ,
ਕਿਸਨੇ ਕਰੇ ਉਪਦੇਸ਼? ਜੋ ਨਹੀਂ ਛਡਦੇ।

## ਬੀਰਤਾ ਤੇ ਸ੍ਵੈ ਸਤਿਕਾਰ ਪ੍ਰਸੰਸਾ

੨੯. ਭੰਨਿਆਂ ਭੁੱਖ ਦਾ ਵਿਲਕਿਆ ਹੋਇ ਭਾਵੇਂ,
ਨਾਲੇ ਕਸ਼ਟ ਬੁਢਾਪੇ ਦਾ ਮਾਰਿਆ ਈ,
ਤੇਜ ਹੀਨ ਹੋਇਆ, ਹੋਵੇ ਮਰਨ ਲੱਗਾ,
ਦੁੱਖ ਭੁੱਖ ਨੇ ਐਉਂ ਫਿਟਕਾਰਿਆ ਈ :
ਐਪਰ ਹਾਥੀ ਦੇ ਮੱਥੇ ਨੂੰ ਪਾੜ ਕੇ ਤੇ,
ਜਿਨ੍ਹੇ ਮਾਸ ਦਾ ਗ੍ਰਾਸ ਪਿਆਰਿਆ ਈ;
ਐਸੇ ਮਾਨ ਵਾਲੇ ਸ਼ੇਰ ਕਦੇ ਦੱਸੋ,
ਸੁੱਕੇ ਘਾਹ ਵਲ ਮੂੰਹ ਪਸਾਰਿਆ ਈ?

੩੦. ਥੋੜ੍ਹੀ ਲਗੀ ਚਰਬੀ, ਮੈਲੀ ਹੋਇ ਹੱਡੀ,
ਨਿੱਕੀ, ਨਾਲ ਉਸਦੇ ਮਾਸ ਨਹੀਂ ਬੋਟੀ,
ਭਾਵੇਂ ਰੱਜ ਨਾ ਆਂਵਦਾ ਨਾਲ ਉਸਦੇ,
ਕੁੱਤਾ ਰੀਝਦਾ ਹੋਂਵਦਾ ਲੋਟ ਪੋਟੀ :
ਐਪਰ ਫਸਜਾ ਗਿੱਦੜ ਸ਼ੇਰ ਛੱਡਦਾ ਈ;
ਪੈਂਦਾ ਹਾਥੀ ਤੇ ਕੱਢਦਾ ਮਾਸ ਬੋਟੀ।
ਆਪੋ ਆਪਣੀ ਸਤਜਾ ਅਨੁਸਾਰ ਤੀਕੂੰ,
ਫਲ ਇਛਿਆ ਦੁੱਖ ਵਿਚ ਬਡੀ ਛੋਟੀ।

Sri Satguru Jagjit Singh Ji eLibrary NamdhariElibrary@gmail.com

੩੧. ਟੁੱਕਰ ਪਾਣ ਹਾਰੇ ਅੱਗੇ ਦੇਖਿਆ ਜੇ?
ਕੁੱਤਾ ਦੀਨ ਹੋ ਪੂਛ ਹਿਲਾਂਵਦਾ ਹੈ;
ਪੈਰੀਂ ਸੀਸ ਧਰਦਾ, ਮੂੰਹ ਅੱਡ ਦਸਦਾ,
ਲੋਟ ਪੋਟ ਹੋ ਪੇਟ ਦਿਖਾਂਵਦਾ ਹੈ,
ਐਪਰ ਤੱਕੋ ਖਾਂ ਹਾਥੀ ਨੂੰ ਖਾਣ ਵੇਲੇ,
ਇਕ ਨਜ਼ਰ ਗੰਭੀਰ ਤਕਾਂਵਦਾ ਹੈ,
ਕਈ ਮਿੰਨਤਾਂ ਹੋਣ ਤਾਂ ਛਕੇ ਭੋਜਨ;
'ਨੀਚ ਊਚ ਦਾ ਫਰਕ ਦਿਸ ਆਂਵਦਾ ਹੈ'॥

੩੨. ਮਰ ਕੇ ਕੌਣ ਨ ਜੰਮਿਆ,
ਘੁੰਮਦੇ ਇਸ ਸੰਸਾਰ?
ਕੁਲ ਨੂੰ ਉੱਨਤ ਜੋ ਕਰੇ,
ਜੰਮਣ ਉਸਦਾ ਸਾਰ।

੩੩. ਫੁੱਲਾਂ ਵਾਂਙੂ ਭਲੇ ਜਨ,
ਦੂੰਹੁੰ ਥਾਂ ਰੰਗ ਜਮਾਂਨ।
ਜਾਂ ਸਭ ਦੇ ਸਿਰ ਸੋਭਦੇ,
ਜਾਂ ਸੁੱਕ ਬਨਾਂ ਵਿਚ ਜਾਨ॥

੩੪. ਬ੍ਰਿਹਸਪਤ ਆਦਿ ਗ੍ਰਹਿ ਕਈ ਅਕਾਸ਼ ਅੰਦਰ,
ਰਾਹੂ ਪ੍ਰਾਕ੍ਰਮੀ ਉਨ੍ਹਾਂ ਨ ਛੇੜਦਾ ਹੈ।
ਸੂਰਜ ਚੰਦ ਜੋ ਰਾਜੇ ਦਿਨ ਰਾਤ ਦੇ ਹਨ,
ਮੱਸਿਆ ਪੁੰਨਿਆਂ ਉਨ੍ਹਾਂ ਵਲ ਹੇਰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਭਾਵੇਂ ਆਪ ਸਿਰ ਮਾਤ੍ਰ ਰਹਿ ਜਾਂਵਦਾ ਹੈ,
'ਰਾਹੂ ਦੈਂਤ ਰਾਜਾ' ਰੁਖ਼ ਫੇਰਦਾ ਹੈ।
ਪੂਰਨ ਤੇਜ ਵਾਲੇ ਸੂਰਜ ਚੰਦ ਤਾਈਂ,
ਦੇਖੋ ਸੱਜਣੋ! ਜਾਇਕੇ ਘੇਰਦਾ ਹੈ।

੩੫. ਚੌਦਾਂ ਭਵਨ ਨੂੰ ਸ਼ੇਸ਼ ਫਣ ਚੁੱਕਿਆ ਹੈ,
ਏਸ ਸ਼ੇਸ਼ ਨੂੰ ਕੱਛਪ ਨੇ ਧਾਰਿਆ ਹੈ,
ਐਪਰ ਸਾਗਰ ਨੇ ਤੁੱਛ ਗਲ ਜਾਣਕੇ ਤੇ,
ਕਛੂ ਆਪਣੀ ਗੋਦ ਟਿਕਾਰਿਆ ਹੈ।
ਇਸਤੋਂ ਸਮਝ ਏ ਸਾਫ ਪਜਾ ਆਂਵਦਾ ਹੈ,
ਮਹਾਂ ਜਨਾਂ ਦਾ ਵਡਾ ਬਲਕਾਰਿਆ ਹੈ।
ਅੰਤ ਨਹੀਂ ਸਮਰੱਥ ਮਹਾਂ ਪੁਰਖ ਜੀ ਦਾ,
ਬਲ ਤੇਜ ਜੋ ਉਨ੍ਹਾਂ ਸੰਭਾਰਿਆ ਹੈ।

੩੬. ਮਦ ਭਰੇ ਉਸ ਇੰਦ੍ਰ ਦੇ ਬੱਜ੍ਰ ਕੋਲੋਂ,
ਬਲਦੀ ਅੱਗ ਦਾ ਮੀਂਹ ਜਿਉਂ ਆਇਆ ਹੈ।
ਅਪਣੇ ਪਿਤਾ 'ਹਿਮਾਚਲ' ਨੂੰ ਤੜਫਦੇ ਹੀ,
ਕੱਲਿਆਂ ਛੱਡ 'ਮੈਨਾਕ' ਉਠ ਧਾਇਆ ਹੈ।
ਤਦੋਂ ਵਿਚ ਸਮੁੰਦਰ ਦੇ ਮਾਰ ਟੁੱਭੀ,
ਖੰਭਾਂ ਤਾਈਂ 'ਮੈਨਾਕ' ਬਚਾਇਆ ਹੈ;
ਇਸਤੋਂ ਭਲਾ ਸੀ ਖੰਭ ਤੁੜਵਾ ਲੈਂਦਾ,
ਬਲਦੇ ਬੱਜ੍ਰ ਤੋਂ ਭੱਜਣ ਕਿਉਂ ਭਾਇਆ ਹੈ?

Sri Satguru Jagjit Singh Ji eLibrary NamdhariElibrary@gmail.com

੩੭. ਸੂਰਜ ਕਾਂਤੀ ਮਣੀ* ਚਹਿ,
ਰਹਿ ਅਚੇਤ ਹਰ ਹਾਲ।
ਸੂਰ ਕਿਰਣ ਪਰ ਪਰਸਿਆਂ,
ਬਲ ਉਠਦੀ ਹੋ ਲਾਲ।
ਤਿਵੇਂ ਤੇਜੱਸ੍ਰੀ ਪੁਰਖ ਹਨ;
ਗਹਿਰ ਗੰਭੀਰੇ ਸ਼ਾਂਤ;
ਐਪਰ ਕਦੀ ਅਨਾਦਰ ਦੀ,
ਸਹਿ ਨਹੀਂ ਸਕਦੇ ਝਾਤ।

੩੮. ਭਾਵੇਂ ਹੋਵੇ ਸ਼ੇਰ ਦਾ
ਬੱਚਾ ਨਿੱਕੀ ਆਯੁ,
ਹੱਲਾ ਤਦ ਭੀ ਕਰੇਗਾ
ਉਸ ਹਾਥੀ ਤੇ ਜਾਇ,
ਮਦ ਗੱਲ੍ਹਾਂ ਤੇ ਚੋ ਰਿਹਾ
ਜਿਸਦੇ ਮਸਤੀ ਪਾਇ;
ਤਾਂਤੇ ਉਮਰਾ ਨਹੀਂ ਹੈ
ਕਾਰਣ ਤੇਜ ਸੁਭਾਇ।
ਤੇਜ ਸੁਭਾਵਕ ਚੀਜ਼ ਹੈ
ਰਖਦਾ ਸਦਾ ਨਿਵਾਸ।
ਤੇਜਸ੍ਰੀਆਂ ਦੇ ਵਿੱਚ ਉਸ
ਹਰ ਉਮਰੇ ਪਰਕਾਸ਼॥

---

* ਆਤਸ਼ੀ ਸ਼ੀਸ਼ੇ ਤੋਂ ਸ਼ਾਇਦ ਮੁਰਾਦ ਹੈ।

Sri Satguru Jagjit Singh Ji eLibrary NamdhariElibrary@gmail.com

## ਦੌਲਤ

੩੯. ਜਾਤ ਰਸਾਤਲ ਜਾ ਪਵੇ, ਢੱਠੇ ਖੂਹ ਗੁਣ ਜਾਨ,
ਸੱਤਿ ਧਰਮ ਢੈ ਪਰਬਤੋਂ ਮੇਟੇ ਨਾਮ ਨਿਸ਼ਾਨ।

ਸੂਰਮਤਾ ਨੂੰ ਚਿਥੜ ਦੇ ਬੱਜਰ ਉਤੋਂ ਆਨ,
ਸਾਨੂੰ ਪਰ ਇਕ ਚਾਹੀਏ ਦੌਲਤ ਦੌਲਤ ਖਾਨ।

ਗੁਣ ਦਾ ਕੋਈ ਮੁੱਲ ਨਾ ਤੀਲੇ ਘਾਸ ਸਮਾਨ,
ਦੌਲਤ ਹੋਇਆਂ ਜਾਤ ਗੁਣ ਸਭ ਦਾ ਹੁੰਦਾ ਮਾਨ।

੪੦. ਓਹੋ ਅੰਗ, ਸ਼ਰੀਰ ਹੈ ਉਹੋ ਤੇਰਾ,
ਕੰਮ, ਚੇਸ਼ਟਾ ਕਾਰ ਹਨ ਉਹੋ ਤੇਰੇ।

ਤਿੱਖੀ ਅਕਲ ਭੀ ਉਹੋ ਹੀ ਪਾਸ ਤੇਰੇ,
ਮਿੱਠੇ ਬਚਨ ਰਸਾਲ ਭੀ ਉਹੋ ਤੇਰੇ।

ਇਕ ਦੌਲਤ ਦੀ ਨਿੱਘ ਦੇ ਘਟਦਿਆਂ ਹੀ
ਤੌਰ ਹੋਰ ਹੋ ਗਏ ਨੀ ਉਹੋ ਤੇਰੇ।

ਹੈ ਅਚਰਜ ਏ ਬਦਲਨਾ ਆਦਮੀ ਦਾ,
ਜਦੋਂ ਦੌਲਤ ਹੈ ਆਣਕੇ ਅੱਖ ਫੇਰੇ॥

੪੧. ਦੌਲਤ ਜਿਸਦੇ ਪਾਸ ਉਹ
ਪੰਡਤ ਗੁਣੀ ਕੁਲੀਨ।

ਵਕਤਾ ਦਰਸ਼ਨ ਯੋਗ ਉਹ,
ਸਭ ਗੁਣ ਸੂਰਨ ਅਧੀਨ॥

Sri Satguru Jagjit Singh Ji eLibrary NamdhariElibrary@gmail.com

੪੨. ਖੋਟੇ ਮੰਤਰਾਂ ਨਾਲ ਵਿਨਾਸ਼ 'ਰਾਜਾ'
'ਤਪੀ' ਲੋਕਾਂ ਦੇ ਸੰਗ ਵਿਨਾਸ਼ ਹੋਵੇ।

ਬਿਨਾਂ ਪੜ੍ਹੇ 'ਬ੍ਰਾਹਮਣ', ਲਾਡ ਨਾਲ 'ਪੁੱਤਰ',
'ਕੁਲ' ਕੁਪੁੱਤ ਦੇ ਜੰਮਿਆ ਨਾਸ਼ ਹੋਵੇ।

'ਸ਼ਰਮ' ਸ਼ਰਾਬ ਤੇ 'ਧਰਮ' ਕੁਸੰਗ ਮੇਟੇ,
ਬਿਨਾਂ ਦੇਖਿਆਂ 'ਖੇਤੀ' ਦੀ ਆਸ ਖੋਵੇ।

'ਪਜਾਰ' ਘਟੇ ਪਰਦੇਸ਼ ਵਿਚ ਬਹੁਤ ਰਹਿਆਂ,
'ਮੈਤ੍ਰੀ' ਹੈਂਕੜ ਦੇ ਨਾਲ ਜਾ ਨੀਂਦ ਸੋਵੇ।

ਜੇੜ੍ਹਾ ਕਰੇ ਅਨੀਤਿ ਉਸ ਰੁਕੇ 'ਵਾਧਾ',
ਹਾਨੀ ਆਪਣੀ ਦੇ ਓਹ ਬੀਜ ਬੋਵੇ।

ਧਨ ਲੁਟਾਇ ਹੰਕਾਰ ਫੁੰਕਾਰ ਭਰਿਆ,
ਧਨ ਨਸ਼ਟ ਕਰਕੇ ਪਿਛੋਂ ਪਿਆ ਰੋਵੇ।

੪੩. ਧਨ ਦੀਆਂ ਗਤੀਆਂ ਤਿੰਨ ਹਨ,
੧. ਦਾਨ ੨. ਭੋਗ ਤੇ ੩. ਨਾਸ਼।

੧. ਭਲੇ ਅਰਥ ਜਿਨ ਵਰਤਿਆ,
ਧਨ ਕੀਤਾ ਸਫਲਾਸੁ।

੨. ਖਾਧਾ ਆਪ ਤੇ ਵਰਤਿਆ,
ਸੌਖੇ ਲੰਘੇ ਸ੍ਵਾਸ।

੩. ਦਿੱਤਾ, ਆਪ ਨ ਵਰਤਿਆ,
ਤਿਸਦੀ ਗਤੀ ਵਿਨਾਸ਼।

Sri Satguru Jagjit Singh Ji eLibrary NamdhariElibrary@gmail.com

੪੪. ਮਣੀ ਸਾਣ ਤੇ ਚੜ੍ਹੀ ਤੇ ਮਲਤ ਹੋਈ,
ਰਣ ਜਿੱਤ ਜੋਧਾ ਤੀਰ ਮਾਰਿਆ ਈ।
ਮਦ ਉਤਰਿਆ ਲਿੱਸਾ ਤੇ ਪੀਨ ਹਾਥੀ,
ਨਦੀ ਸਿਆਲ ਦੀ ਰੇਤਾ ਜਿਸ ਠਾਰਿਆ ਈ;
ਚੰਦ ਦੂਜ ਵਾਲਾ, ਥੱਕੀ ਹੋਈ ਅਬਲਾ,
ਰਾਜਾ ਦੀਨ ਧਨ ਦਾਨ ਜਿਨ ਵਾਰਿਆਈ;
ਦੀਨ ਖੀਨ ਬੀ ਸੁਹਣੇ ਪਜੇ ਲੱਗਦੇ ਨੀ,
ਦੁਰਬਲਤਾਈ ਬੀ ਇਨ੍ਹਾਂ ਸ਼ਿੰਗਾਰਿਆ ਈ॥

੪੫. ਧਨ ਹੀਨ ਪਰ ਹੀਨ ਜਦ ਹੋਇ ਕੋਈ,
ਮੁੱਠ ਜਵਾਂ ਦੀ ਨੂੰ ਪਿਆ ਤਰਸਦਾ ਈ।
ਓਹੀ ਨਿਰਧਨੀ ਜਦੋਂ ਧਨਵਾਨ ਹੋਵੇ,
ਤਿਣਕੇ ਤੁੱਲ ਇਸ ਧਰਤੀ ਨੂੰ ਦਰਸਦਾ ਈ।
ਵਡੇ ਛੋਟੇ ਜੋ ਗਿਣਨਾ ਪਦਾਰਥਾਂ ਦਾ,
'ਦਸ਼ਾ ਬਦਲੀ' ਵਿਚ ਫਰਕ ਏ ਰੱਖਦਾ ਈ।
ਤਾਂਤੇ ਸਿੱਧ ਹੈ, ਧਨੀਆ ਦੀ ਦਸ਼ਾ ਕਾਰਣ,
'ਵਡ ਛੁਟਾ' ਜਿੱਥੋਂ ਆਕੇ ਦਰਸਦਾ ਈ॥

੪੬. 'ਪ੍ਰਿਥਵੀ' ਗਊ ਹੈ ਰਾਜਿਆ! ਸੁਣੋਂ ਸਿੱਖਜਾ,
ਚੋਣੀ ਚਹੁੰਦੇ ਹੋ ਜੇ ਏ ਗਊ ਮਾਈ।
ਵੱਛੇ ਵਾਂਙ ਤਦ ਪ੍ਰਜਾ ਦਾ ਕਰੋ ਪਾਲਨ,
ਪਹਿਲੋਂ ਏਸਨੂੰ ਪਾਲਣਾ ਪੋਸਣਾ ਈ।
ਦਿਨੇ ਰਾਤ ਜਦ ਪਜਾਰ ਦੇ ਨਾਲ ਪਰਜਾ,
ਰਾਜਾ ਪਾਲਦਾ ਰੱਖਦਾ ਸਾਂਭਦਾ ਈ।

Sri Satguru Jagjit Singh Ji eLibrary NamdhariElibrary@gmail.com

ਕਪਲਾ ਗਊ ਤਦ ਪ੍ਰਿਥਵੀ ਬਣੇਂ, ਰਾਜਾ!
ਮਨ ਮੰਗਿਆਂ ਸੱਭ ਹਥ ਆਂਵਦਾ ਈ॥

੪੭. ਕਿਤੇ ਸੱਚ ਬੋਲੇ, ਕਿਤੇ ਝੂਠ ਲਾਵੇ,
ਕਿਤੇ ਪਜਾਰ ਦੇ ਵਾਕ ਸੁਣਾਂਵਦੀ ਹੈ।
ਕਿਤੇ ਤਿਣਕ ਕੇ, ਕਿਤੇ ਕਠੋਰ ਵਰਤੇ,
ਕਿਤੇ ਹਿੰਸਾ ਹੈਸਿਆਰੀ ਦਿਖਾਂਵਦੀ ਹੈ।
ਕਿਤੇ ਮਿਹਰ ਕਰਦੀ, ਕਿਤੇ ਲੋਭ ਧਾਰੇ,
ਕਿਤੇ ਹੋ ਉਦਾਰ ਬਹਾਂਵਦੀ ਹੈ,
ਕਿਤੇ ਦੌਲਤ ਹੀ ਦੌਲਤ ਦੀ ਖੇਡ ਖੇਡੇ,
ਕਿਤੇ ਸਰਫੇ ਧਨ ਜਮਾ ਕਰਾਂਵਦੀ ਹੈ।
ਜਿਵੇਂ ਵੇਸ਼ਵਾ ਰੂਪ ਵਟਾਂਵਦੀ ਹੈ।
ਨਿਤ ਨਵੇਂ ਹੀ ਵੇਸ ਵਿਖਾਂਵਦੀ ਹੈ।
ਤਿਵੇਂ ਰਾਜਿਆਂ ਦੀ ਜਾਣੋਂ ਰਾਜ ਨੀਤੀ,
ਨਿੱਤ ਨਵੇਂ ਹੀ ਰੂਪ ਬਨਾਂਵਦੀ ਹੈ।

੪੮. ਮਿਲੀ ਵਿੱਦਜਾ ਜੱਸ ਨਾ ਪਿਆ ਪੱਲੇ,
ਪਾਲਣ ਹਰਿ-ਜਨਾਂ ਦਾ ਹਥ ਆਇਆ ਨਾਂ।
ਦਾਨ ਕਰਨ ਦੀ ਨਾਂ ਸਮਰੱਥ ਆਈ,
ਖਾਣ ਪੀਣ ਪਹਿਨਣ ਰੱਜ ਪਾਇਆ ਨਾਂ।
ਮਿੱਤਰ ਰੱਖਿਆ ਦਾ ਤਾਣ ਆਇਆ ਨਾਂ,
ਛਿਆਂ ਗੁਣਾਂ ਨੇ ਰੰਗ ਜਮਾਇਆ ਨਾਂ।
ਫੇਰ ਜਿਨ੍ਹਾਂ ਨੇ ਰਾਜੇ ਦੀ ਸੇਵ ਕੀਤੀ,
ਫਲ ਉਨ੍ਹਾਂ ਨੂੰ ਹੱਥ ਕਿਛ ਆਇਆ ਨਾਂ।

Sri Satguru Jagjit Singh Ji eLibrary NamdhariElibrary@gmail.com

## ਸੰਤੋਖ

੪੯. ਮੱਥੇ ਵਹੀ ਕਲਾਮ ਜੋ ਧੁਰਾਂ ਤੋਂ ਹੈ,
ਥੋੜਾ, ਬਹੁਤ, ਓਵੇਂ ਮਿਲ ਜਾਵਣਾ ਈ।

ਭਾਵੇਂ ਮਾਰੂ ਥਲੇ ਵਿਚ ਜਾਇ ਬੈਠੋ,
ਚਾਹੇ ਚੜ੍ਹੋ ਸੁਮੇਰ, ਵਧ ਪਾਵਣਾ ਕੀ?

ਤਾਂਤੇ ਧਰੋ ਧੀਰਜ, ਦੁਆਰੇ ਸ਼ਹੂਕਾਰਾਂ,
ਹੱਥ ਟੱਡ ਕੇ ਆਪ ਰੁਲਾਵਨਾ ਕੀ?

ਘੜਾ ਜਾਇ ਸਮੁੰਦ੍ਰ ਕਿ ਜਾਇ ਖੂਹੇ,
ਇੱਕੋ ਜਿਹਾ ਪਾਣੀ ਓਸ ਲਜਾਵਣਾ ਜੀ॥

੫੦. (ਪਪੀਹੇ ਦੀ ਜ਼ਬਾਨੀ)
ਕੌਣ ਨ ਜਾਣੇ ਜਗਤ ਵਿਚ
ਹੇ ਬੱਦਲ ਮਹਾਰਾਜ!

ਪਪੀਹੇ ਦੇ ਇਕ ਤੁਸੀਂ ਹੋ
ਜਗਤ ਵਿਖੇ ਸਿਰਤਾਜ[੧]।

ਫਿਰ ਕਿਉਂ ਕਰਦੇ ਆਪ ਹੋ,
ਸਾਡੀ ਏਹ ਉਡੀਕ।

ਝੀਣੀ ਸੁਰ ਦੀ ਬੇਨਤੀ
ਘੱਲੀਏ ਕੰਨਾਂ ਤੀਕ[੨]॥

---

੧. ਆਧਾਰ, ਆਸਰਾ।
੨. ਸਾਡੀ ਬੇਨਤੀ ਦੀ ਉਡੀਕ ਨਾ ਕਰੋ, ਆਪੇ ਵੱਸਿਆ ਕਰੋ।

Sri Satguru Jagjit Singh Ji eLibrary NamdhariElibrary@gmail.com

੫੧. ਸਾਵਧਾਨ ਹੋ ਕੇ ਯਾਰ ਚਾਤ੍ਰਿਕਾ ਓ!
ਪਲ ਭਰ ਸਾਡੀ ਭੀ ਗੱਲ ਇਕ ਸੁਣੀਂ ਜਾਈਂ।

ਕਈ ਤਰ੍ਹਾਂ ਦੇ ਬੱਦਲ ਆਕਾਸ਼ ਫਿਰਦੇ,
ਸਾਰੇ ਨਹੀਂ ਪਰ ਇੱਕ ਸਮਾਨ ਭਾਈ।

ਕਈ ਵੱਸਦੇ ਧਰਤੀ ਨੂੰ ਭਾਗ ਲਾਂਦੇ,
ਕਈ ਜਾਣ, ਬਿਰਥੀ ਗੱਜ ਗੜ੍ਹਕ ਪਾਈ।

ਤਾਂਤੇ ਚਾਤ੍ਰਿਕਾ! ਦੇਖੀਂ! ਜਿਸ ਕਿਸੇ ਅੱਗੇ,
ਮਿੰਨਤਾਂ ਕਰੇਂ ਤੇ ਹੌਲਿਆਂ ਪਵੇਂ ਭਾਈ!

## ਦੁਰਜਨ ਨਿੰਦਾ

੫੨. ਕਿਰਪਾ ਕਰੇ ਨਾਂ, ਗਲੇ ਪਿਆ ਲੜੇ ਐਵੇਂ,
ਪ੍ਰਾਯਾ ਮਾਲ ਮੁੱਛੇ, ਖੋਹੇ ਨਾਰਿ ਪ੍ਰਾਈ।

ਗੱਲ ਸਹੇ ਨਾ ਸੱਜਣਾਂ ਮਿੱਤਰਾਂ ਦੀ,
ਖਿਮਾਂ ਨਾਲ ਕੁਟੰਬ ਨਾ ਕਰੇ ਰਾਈ।

ਐਸੇ ਆਦਮੀ ਨੂੰ ਦੁਸ਼ਟ ਜਾਣਨਾ ਜੇ,
ਪੱਕੇ ਦੁਰਜਨ ਦੇ ਏ ਨਿਸ਼ਾਨ ਭਾਈ।

*ਸੰਗ ਭੁੱਲ ਕੇ ਕਰੋ ਨਾ ਦੁਰਜਨਾਂ ਦਾ,
ਜੇੜ੍ਹਾ ਕਰੇ ਸੋ ਖ਼ਤਾ ਹੀ ਖਾਂਵਦਾ ਈ॥

* ਇਹ ਸਤਰ ਮੂਲ ਦੀ ਨਹੀਂ।

Sri Satguru Jagjit Singh Ji eLibrary NamdhariElibrary@gmail.com

੫੩. ਦੁਰਜਨ ਵਿਦੰਜਾ ਵਾਨ ਹੋ,
ਤਾਂ ਭੀ ਰਹੀਓ ਦੂਰ।
ਭਾਵੇਂ ਮਣੀ ਸ਼ਿੰਗਾਰਿਆ
ਭਜਾਨਕ ਸੱਪ ਜ਼ਰੂਰ।

੫੪. ਲੱਜਜਾਵਾਨ ਨੂੰ ਆਖਦੇ ਸਿਥਲ ਹੋਇਆ,
ਧਰਮ ਧਾਰੀ ਨੂੰ ਆਖਦੇ ਦੰਭ ਧਾਰੀ।
ਕਪਟੀ ਆਖਦੇ ਰਹੇ ਪਵਿੱਤ੍ਰ ਜੇੜ੍ਹਾ,
ਕਹਿੰਦੇ ਸੂਰਮੇਂ ਨੂੰ ਏਸ ਦਇਆ ਹਾਰੀ।
ਸਰਲ ਸਿੱਧੇ ਨੂੰ ਮੂਰਖ ਕਰ ਆਖਦੇ ਨੀ,
ਮਿਠ ਬੋਲੇ ਨੂੰ ਦੀਨ ਤੇ ਹੀਨ ਆਰੀ।
ਤੇਜਵਾਨ ਨੂੰ ਕਹਿਣ ਗੁਮਾਨ ਭਰਿਆ;
ਬੋਲਣ ਹਾਰ ਗਲਾਧੜੀ ਬਕਣ ਵਾਰੀ।
'ਚਿੱਤ ਟਿਕੇ ਏਕਾਗ੍ਰ' ਨੂੰ ਕਹਿਣ ਸੁਸਤੀ,
ਦੁਰਜਨ ਲੋਕਾਂ ਦੀ ਗਤੀ ਹੇ ਉਲਟ ਸਾਰੀ।
ਗੁਣੀ ਜਨਾਂ ਵਿਚ ਕਹੋ ਗੁਣ ਕੌਣ ਐਸਾ,
ਦੁਰਜਨ ਲਾਣ ਕਲੰਕ ਨਾਂ ਜਿਨੂੰ ਕਾਰੀ?

੫੫. ਹੋਰ ਔਗੁਣਾਂ ਦੀ ਓਥੇ ਲੋੜ ਕਾਹਦੀ,
ਜਿੱਥੇ ਲੋਭ ਨੇ ਵਾਸ ਆ ਪਾਇਆ ਏ?
ਕੁਟਿਲ ਪੁਰਖ ਨੂੰ ਪਤਿਤ ਕੀ ਹੋਰ ਕਰਸੋ?
ਸੱਚੇ ਲੋਕ ਨੂੰ ਤਪਾਂ ਕੀ ਲਾਇਆ ਏ?
ਰਿਦਾ ਹੋ ਗਿਆ ਜਿਦ੍ਹਾ ਹੈ ਸ਼ੁੱਧ, ਉਸਨੂੰ
ਤੀਰਥ ਫਿਰਨ ਫਿਰ ਨਹੀਂ ਲੁੜਾਇਆ ਏ।

Sri Satguru Jagjit Singh Ji eLibrary NamdhariElibrary@gmail.com

ਸੱਜਣ ਸ੍ਰੇਸ਼ਟ ਨੂੰ ਕੀ ਗੁਣ ਹੋਰ ਚਾਹੀਏ?
ਮਿਤ੍ਰ ਸਾਕ ਦਾ ਘਾਟਾ ਨ ਆਇਆ ਏ।
ਉੱਜਲ ਜਸ ਹੈ ਜਿਨ੍ਹਾਂ ਨੂੰ ਪਿਆ ਪੱਲੇ,
ਗਹਿਣਾ ਹੋਰ ਫਿਰ ਉਨ੍ਹਾਂ ਨਾ ਚਾਹਿਆ ਏ।
ਸੱਚੀ ਵਿਦਿਆ ਜਿਨ੍ਹਾਂ ਨੂੰ ਮਿਲੀ ਹੈ ਵੇ,
ਹੋਰ ਧਨਾਂ ਕੀ ਆਨ ਵਧਾਇਆ ਏ?
ਜਿਸਦੀ ਹੋਇ ਅਪਕੀਰਤੀ ਸੱਭ ਥਾਂਈਂ,
ਓਹਦਾ ਮੌਤ ਕੀ ਹੋਰ ਘਟਾਇਆ ਏ?

੫੬. ਦਿਲ ਦਾ ਮਲੀਨ ਹੋਵੇ ਤੇਜ ਹੀਨ ਚੰਦ੍ਰਮਾਂ ਜੋ,
ਜੁਆਨੀ ਹੀਨ ਤੀਮੀਂ ਜਿਦ੍ਹਾ ਜੋਬਨ ਬਿਲਾ ਗਿਆ;
ਸਰ ਹੋਵੇ ਕੌਲ ਬਿਨਾਂ, ਪਾਣੀ ਹੋਵੇ ਹੇਠ ਲੱਥਾ,
ਸੁੰਦਰ ਸਰੂਪ ਪਰ ਮੂਰਖ ਜਗ ਆ ਗਿਆ,
ਹੋਵੇ ਧਨਵਾਨ ਪਰ ਕ੍ਰਿਪਣ ਤੇ ਸ਼ੂਮ ਹੋਵੇ,
ਸੱਜਣ ਗੁਣਵਾਨ ਪਰ ਆਲਸ ਦਬਾ ਲਿਆ।
ਰਾਜ ਦਰਬਾਰ ਵਿਖੇ ਮੂਰਖ ਨਿਵਾਸ ਹੋਏ,
ਸੱਤੇ ਰੋੜ ਰੜਕਵੇਂ ਰਿਦਾ ਜਿਨ੍ਹਾਂ ਨੇ ਖਾ ਲਿਆ।

੫੭. ਭਾਵੇਂ ਅਗਨਿ ਹੋਤਰ ਸੇਵੇ ਅੱਗ ਤਾਈਂ,
ਦੇ ਅਹੂਤੀਆ ਓਸਨੂੰ ਪਾਲਦਾ ਈ।
ਐਪਰ ਛੋਹੇ ਜੇ ਅੱਗ ਨੂੰ ਹੋਤਰੀ ਓ,
ਸਾੜ ਦੇਂਵਦੀ ਕਰੇ ਲਿਹਾਜ਼ ਨਾਹੀਂ॥

੫੮. ਚਾਕਰੀ ਜਾਂ ਸੇਵਾ ਧ੍ਰਮ ਔਖਾ ਅਤਿ ਕੰਮ ਹੋਵੇ,
ਜੋਗੀਆਂ ਭੀ ਏਸਦੀ ਨਾਂ ਗਤੀ ਅਜੇ ਜਾਨੀ ਹੈ!
ਮੋਨ ਧਾਰ ਚੁੱਪ ਰਹੇ, ਗੁੰਗਾ ਤਦੋਂ ਆਖਦੇ ਨੀ,
ਬੋਲੇ, ਤਦ ਆਖਦੇ ਨੀ ਵੱਡਾ ਬਕੜਵਾਨੀ ਹੈ।
ਰਹੇ ਜਦੋਂ ਨੇੜੇ, ਤਦੋਂ ਢੀਠ ਆਖਦੇ ਨੀ,
ਦੂਰ ਰਹੇ, ਆਖਦੇ ਏ ਡਰੂ ਡਰਖਾਨੀ ਹੈ।
ਖਿਮਾਂ ਧਾਰ ਸਹੇ, ਤਦੋਂ ਕਾਇਰ ਨਾਮ ਰੱਖਦੇ ਨੀ,
ਸਹੇ ਜੇ ਨਾਂ, ਆਖਦੇ ਨੀ, ਕੀਤੀ ਕੁਲ ਹਾਨੀ ਹੈ।

੫੯. ਅੱਖ ਦੁਸ਼ਟ ਦੀ ਹੇਠਾਂ ਰਹਿਕੇ,
ਕੌਣ ਸੁਖੀ ਮਨ ਭਰਦਾ:-
ਜੋ ਮਰਿਯਾਦਾ ਕਿਸੇ ਨ ਬੱਝੇ,
ਗੁਣ ਦੋਖੀ ਬਦਿ ਕਰਦਾ।
ਧਨ ਹੋ ਗਿਆ ਸੁਤੇ ਹੀ ਪੱਲੇ,
ਵੱਡਾ ਹੋ ਹੋ ਟੁਰਦਾ ;
ਪਿਛਲੇ ਖੋਟੇ ਕਰਮਾਂ ਦੇ ਵਸ,
ਨੀਚ ਕਰਮ ਰੁਚਿ ਧਰਦਾ[1]

੬੦. ਮੂਰਖ ਦਾ ਮਿਤ[2] ਜਾਣੋਂ ਬੈਠਾ,
ਪਹਿਲੇ ਦੁਪਹਿਰੀ ਛਾਵੇਂ।

---

੧. ਇਸ ਤੁਕ ਦਾ ਇਹ ਅਰਥ ਭੀ ਕਰਦੇ ਹਨ ਕਿ ਅਪਣੀ ਪਹਿਲੀ ਨੀਚ ਕਰਮਾਂ ਨਾਲ ਰੋਟੀ ਕਮਾਉਣ ਦੀ ਜ਼ਿੰਦਗੀ ਨੂੰ ਭੁੱਲ ਗਿਆ ਹੈ।

੨. ਮਿੱਤ੍ਰ, ਯਾਰ।

Sri Satguru Jagjit Singh Ji eLibrary NamdhariElibrary@gmail.com

ਪਹਿਲੋਂ ਜੇੜ੍ਹੀ ਲੰਮੀ ਚੌੜੀ,
ਪਿੱਛੋਂ ਘਟਦੀ ਜਾਵੇ।
ਦਾਨੇ ਦਾ ਮਿਤ ਜਾਣੋਂ ਬੈਠਾ
ਪਿਛਲ ਦੁਪਹਿਰੀ ਛਾਵੇਂ।
ਪਹਿਲੋਂ ਥੋੜੀ ਪਿੱਛੋਂ ਜਿਹੜੀ
ਹਰ ਛਿਨ ਵਧਦੀ ਜਾਵੇ॥

੬੧. 'ਮਛਲੀ' 'ਹਰਨ' 'ਭਲੇ ਜਨ' ਭਾਈ!
ਤ੍ਰੈਏ ਨ ਕਿਸੇ ਦੁਖਾਂਦੇ,
ਵਿਚ ਸੰਤੋਖ 'ਭਲੇ', 'ਮਿਗ੍ਰ' 'ਮੱਛੀ'
ਜਲ ਤ੍ਰਿਣ 'ਦੋਵੇਂ' ਖਾਂਦੇ।
ਪਰ 'ਝੀਵਰ' 'ਬਘਿਆੜ' 'ਕੁਟਿਲ ਜਨ'
ਬਿਨ ਛੇੜੇ ਆ ਜਾਵਨ,
ਆਨ ਅਕਾਰਣ ਨਾਲ ਤ੍ਰੈਆਂ ਦੇ
ਐਵੇਂ ਵੈਰ ਕਮਾਂਦੇ।

## ਸੱਜਣ ਪ੍ਰਸੰਸਾ

੬੨. ਜਿਨ੍ਹਾਂ ਇੱਛਜਾ ਸੰਗ ਸਤਿਸੰਗੀਆਂ ਦੀ,
ਪਾਏ ਗੁਣਾਂ ਦੇ ਨਾਲ ਪਿਆਰ ਭਾਈ!
ਵੱਡਿਆਂ ਨਾਲ ਜੋ ਨਿੰਮ੍ਰਤਾ ਧਾਰਦੇ ਨੀ,
ਵਿੱਦਜਾ ਨਾਲ ਹੈ ਜਿਨ੍ਹਾਂ ਪਰੀਤ ਪਾਈ।
ਵਹੁਟੀ ਆਪਣੀ ਦੇ ਨਾਲ ਪਜਾਰ ਕਰਦੇ,
ਲੋਕ ਨਿੰਦਿਆ ਤੋਂ ਜਿਨ੍ਹਾਂ ਘ੍ਰਿਣਾ ਆਈ।
ਅਪਣੇ ਆਪ ਨੂੰ ਵੱਸ ਕਰ ਰੱਖਦੇ ਨੀ,
ਜਿਨ੍ਹਾਂ ਰੱਬ ਦੇ ਨਾਲ ਹੈ ਭਗਤਿ ਲਾਈ।

Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਸਦਾ ਕੁਸੰਗ ਤਿਆਗ ਕੀਤਾ,
ਨਾਲ ਭੈੜਿਆਂ ਨੇਹੁੰ ਨ ਲਾਇਆ ਈ।
ਨਮਸਕਾਰ ਸਾਡੀ ਓਨ੍ਹਾਂ ਸੱਜਣਾਂ ਨੂੰ,
ਨਿਰਮਲ ਗੁਣਾਂ ਦੀ ਜਿਨ੍ਹਾਂ ਨੇ ਰਾਸ ਪਾਈ।

੬੩. ਵਿਚ ਮਹਾਤਮਾਂ ਸੁਤੇ ਹੀ ਹੋਂਵਦਾ ਜੇ,
ਇਨ੍ਹਾਂ ਗੁਣਾਂ ਦਾ ਸਹਿਜ ਨਿਵਾਸ ਭਾਈ :-
ਵਿਪਤਾ ਪਈ ਤੇ ਧੀਰਜ ਓ ਰੱਖਦੇ ਨੀ,
ਤੇਜ ਵਧੇ ਤੇ ਖਿਮਾਂ ਹੀ ਰਾਸ ਪਾਈ।
ਸਭਾ ਵਿਚ ਚਤੁਰਾਈ; ਸੰਗ੍ਰਾਮ ਤਕੜੇ,
ਜਸ ਆਪਣੇ ਨਾਲ ਪਰੀਤ ਲਾਈ।
ਪਜਾਰ ਵਿੱਦਜਾ ਵਿੱਚ ਓ ਰੱਖਦੇ ਨੀ,
ਸਤਜ ਸ਼ਾਸਤ੍ਰਾਂ ਦੀ ਰਹੁ ਰੀਤਿ ਚਾਈ॥

੬੪. ਦਾਨ ਦੇਕੇ ਗੁੱਝਾ ਰੱਖ, ਆਏ ਤਾਈਂ ਆਦਰ ਦੇ,
ਭਲਾ ਕਰ ਪ੍ਰਾਏ ਸੰਦਾ ਮੌਨ ਜਿਨ੍ਹਾਂ ਧਾਰੀ ਹੈ।
ਕਰੇ ਉਪਕਾਰ ਕੋਈ ਆਪਣੇ ਤੇ ਪ੍ਰਾਇਆ ਜੋ,
ਸਭਾ ਵਿਚ ਬੈਠ ਓਹਦੀ ਸੋਭਾ ਚਾ ਖਿਲਾਰੀ ਹੈ।

ਗਰਬਣਾ ਨਾ ਧਨ ਪਾ, ਪ੍ਰਾਈ ਚਰਚਾ ਹੋਵੇ ਤਾਂ
ਨਿੰਦਾ ਬਿਨ ਕਹਿਣ ਗੱਲ, ਹਾਨੀ ਨਾ ਵਿਚਾਰੀ ਹੈ।
ਧਾਰ ਤਲਵਾਰ ਨਾਲੋਂ ਔਖੇ ਬ੍ਰੱਤ ਧਰਮ ਏ,
ਕਿਸਨੇ ਸਿਖਾਏ, ਭਲਿਆਂ ਧਾਰਨਾ ਏ ਧਾਰੀ ਹੈ?

Sri Satguru Jagjit Singh Ji eLibrary NamdhariElibrary@gmail.com

੬੫. ਹੱਥ ਵੱਡੇ ਤਦੋਂ ਹੋਣ, ਜਦੋਂ ਧਨ ਦਾਨ ਦੇਣ,
ਮੱਥਾ ਵੱਡਾ ਤਦੋਂ ਜਦੋਂ ਵੱਡਜਾਂ ਪੈਰੀਂ ਲੱਗਦਾ।
ਡੌਲੇ ਤਦ ਵੱਡੇ ਜਦੋਂ ਪ੍ਰਾਕ੍ਰਮ ਅਮਿੱਤ ਹੋਵੇ,
ਰਿਦਾ ਤਦੋਂ, ਬ੍ਰਿਤੀ ਦਾ ਪ੍ਰਵਾਹ ਸ੍ਵੱਛ ਵੱਗਦਾ।
ਕੰਨ ਵੱਡੇ ਤਦੋਂ ਜਦੋਂ ਸੁਣਨ ਸੱਤਿ ਸ਼ਾਸਤਰ,
ਮੂੰਹ ਵੱਡਾ ਤਦੋਂ ਸੱਚ ਬੋਲਣ ਵਿਚ ਤੱਗਦਾ।
ਭਲਿਆਂ ਦੇ ਪਾਸ ਭਾਵੇਂ ਐਸ਼੍ਵਰਜ ਹੋਵੇ ਨਾਹੀ,
ਗੁਣ ਹੀ ਹੈ ਗਹਿਣਾ ਜੋ ਸਦਾ ਹੀ ਨਾਲ ਤੱਗਦਾ॥

੬੬. ਸੰਪਤ ਵਿਚ ਕੋਮੱਲ ਕਮਲ
ਦਿਲ ਮਹਾਤਮਾ ਜਾਨ।
ਪਰ ਅਪਦਾ ਵਿਚ ਸਖਤ ਹੋ
ਪਰਬਤ ਸ਼ਿਲਾ ਸਮਾਨ।

੬੭. ਤੱਤੇ ਤਵੇ ਤੇ ਪਾਣੀ ਦੀ ਬੂੰਦ ਪੈਂਦੀ,
ਅੱਖ ਫੋਰ ਵਿਖੇ ਉੱਡ ਜਾਂਵਦੀ ਹੈ।
ਓਹੋ ਬੂੰਦ ਜਿ ਪਵੇ ਫੂਲ ਕਵਲ ਉੱਤੇ,
ਮੋਤੀ ਵਾਂਙ ਉਹ ਡਲ੍ਹਕ ਦਿਖਾਂਵਦੀ ਹੈ।
ਓਹੋ ਬੂੰਦ ਸਮੁੰਦਰ ਦੇ ਸਿੱਪ ਵੜਦੀ,
ਸ੍ਵਾਂਤੀ ਵਿੱਚ, ਮੋਤੀ ਬਨ ਜਾਂਵਦੀ ਹੈ।
ਤਾਂਤੇ ਸੰਗਤ ਹੀ ਗੁਣਾਂ ਦਾ ਮੂਲ ਜਾਣੋ,
ਨੀਚ ਊਚ ਤੇ ਮੱਧਮ ਬਣਾਂਵਦੀ ਹੇ॥

Sri Satguru Jagjit Singh Ji eLibrary NamdhariElibrary@gmail.com

੬੮. ਓਹੋ ਪੁੱਤ ਜੋ ਆਪਣੀ ਨਾਲ ਕਰਨੀ,
ਸਦਾ ਪਿਤਾ ਤਾਈਂ ਪਰਸੰਨ ਰੱਖੇ।
ਓਹੋ ਇਸਤਰੀ ਸਦਾ ਜੋ ਪਤੀ ਸੰਦਾ,
ਹਿਤ ਲੋੜਦੀ, ਓਸਦਾ ਭਲਾ ਤੱਕੇ।
ਓਹੋ ਮਿੱਤ੍ਰ ਜੋ ਸੁੱਖ ਤੇ ਦੁੱਖ ਵੇਲੇ,
ਇੱਕਸ਼ਾਰ ਵਰਤੇ ਕਦੇ ਨਾਹ ਅੱਕੇ।
ਐਪਰ ਨਜਾਮਤਾਂ ਤਿੰਨੇ ਸੰਸਾਰ ਅੰਦਰ,
ਲੱਭਣ ਨਾਲ ਪੁੰਨਾਂ ਪੁੰਨਵਾਨ ਭੱਖੇ।

੬੯. [1]ਵਿਸ਼ਨੂੰ ਸ਼ਿਵ ਭਾਵੇਂ ਕਰ ਕੋਈ,
ਇਸ਼ਟ ਦੇਵ ਕਰ ਇਕੋ ਇੱਕ।
ਰਾਜਾ ਭਾਵੇਂ ਸਾਧੂ ਕੋਈ,
ਮਿੱਤ੍ਰ ਬਨਾ ਪਰ ਇੱਕੋ ਇੱਕ।
ਨਗਰੀ ਭਾਵੇਂ ਜੰਗਲ ਕਿਧਰੇ;
ਵਾਸਾ ਥਾਂ ਘਰ ਇੱਕੋ ਇੱਕ।
ਕੰਦ੍ਰਾ[2] ਭਾਵੇਂ ਸੁੰਦਰੀ[3] ਕੋਈ;
ਨਾਰੀ ਤੂੰ ਬਰ ਇਕੋ ਇੱਕ।

੭੦. ਕਰ ਕਰ ਗੁਣਾਂ ਪਰਾਇਆਂ ਨੂੰ ਉਘਿਆਂ ਜੋ,
ਉੱਘੇ ਅਪਣੇ ਗੁਣਾਂ ਵਿਚ ਹੋਣ ਭਾਈ।
ਕਰਨ ਨਿੰਮ੍ਰਤਾ ਤੇ ਇਉਂ ਕਰਦਿਆਂ ਹੀ,
ਹੈ ਉੱਚਤਾ ਜਿਨ੍ਹਾਂ ਇਸ ਵਿੱਚ ਪਾਈ।

---

੧. ਏ ਸ਼ਲੋਕ ਕਈ ਸ਼ਤਕਾਂ ਵਿਚ ਏਥੇ ਨਹੀਂ, ਪਰ ਵੈਰਾਗ ਵਿਚ ਹੈ।

੨. ਗੁਫ਼ਾ।

੩. ਮੂਲ ਵਿਚ 'ਸੁੰਦਰੀ' ਤੇ ਦਰੀ ਵਿਚ ਯਮਕ ਰਖੀ ਹੈ।

Sri Satguru Jagjit Singh Ji eLibrary NamdhariElibrary@gmail.com

ਪ੍ਰਾਇਆ ਭਲਾ ਦਿਨ ਰਾਤ ਹੀ ਕਰਨ ਅੰਦਰ,
ਅਪਣੇ ਭਲੇ ਦੀ ਜਿਨ੍ਹਾਂ ਨੂੰ ਸਾਰ ਆਈ।
ਦੁਸ਼ਟਾਂ ਨਿੰਦਕਾਂ ਨੂੰ ਖਿਮਾਂ ਨਾਲ ਕੇਵਲ,
ਜਿਨ੍ਹਾਂ ਖਿਮਾਂ ਹੀ ਨਾਲ ਕਲੰਕਿਆ ਈ।
ਐਸਾ ਅਚਰਜ ਆਚਰਨ ਹੈ ਜਿਨ੍ਹਾਂ ਦਾ ਜੀ;
ਮਾਨ ਯੋਗ ਭ੍ਰਾਰੇ ਓਹਨਾਂ ਜਾਣਨਾ ਈ।
ਸਾਰੇ ਜਗਤ ਦੇ ਪੂਜ ਏ ਸੰਤ ਭਾਈ,
ਕਿਹੜਾ ਓਹ ਜਿਨ੍ਹ ਇਨ੍ਹਾਂ ਨਾ ਪੂਜਣਾ ਈ?

## ਪਰਉਪਕਾਰ

੭੧. ਫਲ ਪੈਂਦਾ ਜਦ ਬ੍ਰਿੱਛ ਨੂੰ,
ਨੀਵਾਂ ਹੋ ਹੋ ਜਾਇ।
ਜਲ ਨਵੀਨ ਸੰਗ ਲੱਦਿਆ,
ਬੱਦਲ ਝੁਕ ਝੁਕ ਆਇ।
ਸੰਪਤ ਪਾ ਕੇ ਸੱਤਿ ਪੁਰਖ,
ਉੱਚਾ ਨਹਿੰ ਅਕੜਾਇ;
ਪਰ ਉਪਕਾਰੀਆਂ ਬਾਣ ਏ;
ਵਧਣ ਤਾਂ ਸਿਰ ਨਿਹੁੜਾਇ[੧]॥

੭੨. ਸ਼ੋਭਾ ਕੰਨ ਦੀ ਕੁੰਡਲਾਂ ਨਾਲ ਨਾਹੀਂ,
ਧਰਮ ਪੁਸਤਕਾਂ[੨] ਸੁਣਿਆਂ ਪਰਵਾਨ ਹੋਏ।

---

੧. ਭਾਵ ਨਿੰਮ੍ਰਤਾ ਧਾਰਨ ਕਰਦੇ ਹਨ।
੨. ਦੋ ਅਰਥ ਹਨ, ਵੇਦ ਤੇ ਧਰਮ ਪੁਸਤਕ (ਦੇਖੋ ਵਿਲਸਨ)।

Sri Satguru Jagjit Singh Ji eLibrary NamdhariElibrary@gmail.com

ਕੜੇ ਪਹਿਨਿਆਂ ਹੱਥ ਨਾ ਸ਼ੋਭਦੇ ਨੀ,
ਦਾਨ ਦਿੱਤਿਆਂ ਹੱਥ ਗੁਣਵਾਨ ਹੋਏ।
ਚੰਦਨ ਲੇਪ ਦੇ ਲਾਇਆਂ ਨਾ ਫਬਨ ਭਾਈ,
ਕਰੁਣਾਮਯ (ਜੇ ਦਿਆਲ ਹਨ ਆਨ ਹੋਏਂ)
ਸ਼ੋਭਾ ਉਨ੍ਹਾਂ ਦੀ ਪਰ ਉਪਕਾਰ ਅੰਦਰ,
ਭਲੇ ਪ੍ਰਾਏ ਵਿਚ ਜੋ ਸਵਧਾਨ ਹੋਏ॥

੭੩. ਪਾਪ ਕਰਨ ਤੋਂ ਯਾਰ ਨੂੰ ਵਰਜਦੇ ਨੀ,
ਭਲੇ ਕਰਨ ਦੀ ਗੱਲ ਸਮਝਾਂਵਦੇ ਨੀ।
ਗੁੱਝੀ ਯਾਰ ਦੀ ਗੱਲ ਛਿਪਾਂਵਦੇ ਨੀ,
ਗੁਣ ਮਿੱਤ੍ਰ ਦੇ ਜਗਤ ਪ੍ਰਗਟਾਂਵਦੇ ਨੀ,
ਬਿਪਤਾ ਪਈ ਤੇ ਸਾਥ ਨ ਛੱਡਦੇ ਨੀ,
ਜਿੰਨੀ ਸਰੇ ਭੀ ਮਾਯਾ ਪੁਚਾਂਵਦੇ ਨੀ।
ਲੱਛਣ ਏਹ ਹਨ ਸੱਚਿਆਂ ਮਿੱਤਰਾਂ ਦੇ,
ਸੰਤ ਲੋਕ ਏ ਆਪ ਬਤਾਂਵਦੇ ਨੀ।

੭੪. ਬਿਨਾਂ ਜਾਚਿਆਂ ਸਾਰਿਆਂ ਕੌਲ ਫੁੱਲਾਂ,
ਸਦਾ ਸੂਰਜ ਨੇ ਆਣ ਖਿੜਾਇਆ ਏ।
ਬਿਨਾਂ ਮੰਗਿਆਂ ਚੰਦ ਨੇ ਕੰਮੀਆਂ ਨੂੰ,
ਖੇੜਾ ਆਣਕੇ ਦਾਨ ਕਰਾਇਆ ਏ।
ਬਿਨਾਂ ਬੇਨਤੀ ਬੱਦਲਾਂ ਉਮਡ ਆ ਕੇ,
ਜਲ ਜਗਤ ਨੂੰ ਆਪ ਦਿਵਾਇਆ ਏ।
ਤਿਵੇਂ ਸੰਤਾਂ ਨੇ ਆਪਣੇ ਆਪ ਆਪੇ,
ਪ੍ਰਾਏ ਭਲੇ ਨੂੰ ਲੱਕ ਬਨ੍ਹਾਇਆ ਏ।

Sri Satguru Jagjit Singh Ji eLibrary NamdhariElibrary@gmail.com

੭੫. ਛੱਡ ਆਪਣਾ ਲਾਭ ਜੋ ਦੂਸਰੇ ਨੂੰ,
ਲਾਭ ਦੇਇ ਸੋ ਜਾਨ 'ਸਤਿ ਪੁਰਖ' ਭਾਈ।
ਲਾਭ ਆਪਣਾ ਨਾਲ ਜੋ ਦੂਸਰੇ ਦਾ
ਕਰੇ, 'ਪੁਰਖ ਸਾਮਾਨ' ੳ ਜਾਣਨਾ ਈ।
ਪ੍ਰਾਯਾ ਬੁਰਾ ਕਰ ਆਪਣਾ ਭਲਾ ਕਰਦਾ,
'ਰਾਖਸ਼ ਆਦਮੀ ਰੂਪ' ਅਖਾਂਵਦਾ ਈ।
'ਵਜਰਥ ਦੂਸਰੇ ਦੀ ਜੋਈ ਕਰੇ ਹਾਨੀ
ਕਿਹੋ ਜਿਹਾ ਉਹ?' ਸਾਨੂੰ ਨ ਸਾਰ ਰਾਈ।

੭੬. 'ਪਾਣੀ' ਦੁੱਧ ਨੂੰ ਜਦੋਂ ਸੀ ਆਨ ਮਿਲਜਾ
ਗੁਣ ਆਪਣੇ 'ਦੁੱਧ' ਉਸ ਦੇਂਵਦਾ ਈ।
ਜਦੋਂ ਦੁੱਧ ਨੂੰ ਆਣ ਕੇ ਤਾਪ ਚੜ੍ਹਿਆ,
ਤਦੋਂ ਨੀਰ ਪਜਾ ਆਪ ਸੜੇਂਵਦਾ ਈ।
ਜਦੋਂ ਨੀਰ ਨੂੰ ਸੜਦਿਆਂ ਦੁੱਧ ਡਿੱਠਾ,
ਡਿੱਗਣ ਅੱਗ ਵਿਚ ਆਪ ਉਠੇਂਵਦਾ ਈ।
ਫੇਰ ਮਿਲੇ ਪਾਣੀ, ਦੁਧ ਸਮਝਦਾ ਹੈ
ਯਾਰ ਆ ਗਿਆ, ਫੇਰ ਮੁੜ ਮੇਂਵਦਾ ਈ।
ਸੱਤਿ ਪੁਰਖ ਦੀ ਮੈਤਰੀ ਠੀਕ ਐਸੀ,
ਦੁਖ ਯਾਰ ਦਾ ਆਪ ਸਿਰ ਲੇਂਵਦਾ ਈ।

੭੭. ਸ਼ੇਸ਼ਨਾਗ ਦੀ ਸੇਜ ਪਰ ਵਿਚ ਸਾਗਰ,
ਵਿਸ਼ਨੂੰ ਪਏ ਅਰਾਮ ਕਰਾਂਵਦੇ ਨੀ।
ਵੈਰੀ ਵਿਸ਼ਨੂੰ ਦੇ ਰਾਖਸ਼ਸ ਉਸੇ ਸਾਗਰ;
ਕੁਲਾਂ ਸਣੇਂ ਭੀ ਵਾਸ ਵਸਾਂਵਦੇ ਨੀ।

ਕਿਤੇ ਬੜਵਾ ਤੇ ਪਰਲੋ ਸਮਾਨ ਲੰਬੂ,
ਇਕ ਪਾਸੇ ਪਏ ਰੂਪ ਦਿਖਾਂਵਦੇ ਨੀ।
ਜਿਗਰਾ ਕਿੱਡਾ ਹੈ ਸਾਗਰ ਦਾ ਖੁੱਲ੍ਹਾ, ਵੱਡਾ।
(ਸਤਿ ਪੁਰਖ ਤਿਵੇਂ ਦਿੱਸ ਆਂਵਦੇ ਨੀ)॥

੭੮. ਖਿਮਾਂ ਧਰੋ, ਛੱਡੋ ਤ੍ਰਿਸ਼ਨ,
ਪਾਪਾਂ ਦਾ ਕਰ ਤਜਾਗ।

ਮਦ ਤਜਾਗੋ, ਸੱਚੇ ਰਹੋ,
ਸੰਤ ਮ੍ਰਯਾਦਾ ਲਾਗ।

ਪੜ੍ਹਿਆਂ ਦੀ ਸੇਵਾ ਕਰੋ,
ਵੱਡਜਾਂ ਮਾਨ ਕਰਾਇ।

ਵੈਰੀ ਵੀ ਪਰਸੰਨ ਕਰੁ,
ਗੁਣ ਅਪਣੇ ਵਿਦਤਾਇ।

ਜਸ ਅਪਣੇ ਦੀ ਪਾਲਣਾ,
ਦੁਖੀਆਂ ਦਰਦ ਵੰਡਾਇ।

ਲੱਛਣ ਜਿੰਨ੍ਹਾਂ ਵਿਚ ਏ,
ਸੱਤਿ ਪੁਰਖ ਓ ਠੀਕ।

ਏ ਲੱਛਣ ਪਰ ਜਾਣਨੇ,
ਦੁਰਲਭ ਬੜੇ ਅਮੀਕ।

੭੯. ਪੁੰਨ ਕਰਮ ਦਾ ਅੰਮ੍ਰਿਤ ਹੋਵੇ,
ਮਨ ਬਚ ਕਰਮੀ ਭਰਿਆ।
ਜਿਨ੍ਹਾਂ ਵਿਖੇ, ਤੇ ਲਗਾਤਾਰ ਜਿਨ੍ਹ,
ਜਗ ਉਪਕਾਰ ਹੀ ਕਰਿਆ।
ਅਲਪ ਪਰਾਏ ਗੁਣ ਨੂੰ ਉੱਚਾ
ਪਰਬਤ ਕਰ ਖੁਸ਼ ਹੋਵਨ;
ਐਸੇ ਸੰਤ ਜਗਤ ਵਿਚ ਵਿਰਲੇ;
[1]ਪੁੰਨ ਜਿਨ੍ਹਾਂ ਤੋਂ ਸਰਿਆ।

੮੦. ਸੋਨੇ ਦੇ ਸੁਮੇਰ ਨਾਲ ਲੋੜ ਸਾਨੂੰ ਪਈ ਕਾਹਦੀ?
ਚਾਂਦੀ ਦੇ ਕੈਲਾਸ਼ ਕੋਲੋਂ ਅਸਾਂ ਕੀ ਹੈ ਲਜਾਵਣਾ?
ਬ੍ਰਿਛ ਉੱਗੇ ਦੋਹੀਂ ਥਾਈਂ ਰਹਿਣ ਜੇਹੇ ਜੇਹੇ ਹੋਣ,
ਸੌਰਿਆ ਨ ਕੁਛ ਭਾਈ, ਹੋਇਆ ਨ ਵਧਾਵਣਾ।
ਵਾਰਨੇ ਮਲਜਾਚਲਾ[2] ਹਾਂ ਤੇਰੇ ਓਤੋਂ ਅਸੀਂ ਯਾਰ!
ਕਿੱਕਰ, ਨਿੰਮ, ਢਾਕ ਜਿਹੇ ਤੇਰੇ ਕੋਲ ਆਵਣਾ।
ਜੇੜ੍ਹਾ ਤੇਰੇ ਉੱਤੇ ਉੱਗੇ ਚੰਦਨ ਦੀ ਵਾਸ ਦੇਵੇ,
ਕੌੜਿਆਂ ਨੂੰ ਚੰਦਨ ਹੈ ਤੂੰਹੋਂ ਹੀ ਬਨਾਵਨਾ।

---

੧. ਇਹ ਅੱਧੀ ਸਤਰ ਮੂਲ ਵਿਚ ਨਹੀਂ।
੨. ਚੰਦਨ ਦਾ ਪਹਾੜ, ਮਲਜਾਗਿਰ।

Sri Satguru Jagjit Singh Ji eLibrary NamdhariElibrary@gmail.com

## ਧੀਰਜ

੮੧. ਜਦੋਂ ਦਿਉਤਿਆਂ ਸਾਗਰ ਨੂੰ ਰਿੜਕਿਆ ਏ,
ਪਹਿਲੇਂ ਰਤਨ ਅਮੋਲਵੇਂ ਬਾਹਰ ਆਏ।[1]
ਦਿਉਤੇ ਫਸੇ ਨ ਰਤਨਾਂ ਦੇ ਲੋਭ ਅੰਦਰ
ਗਏ ਰਿੜਕਦੇ ਅੱਤਿ ਦਾ ਜ਼ੋਰ ਲਾਏ,
ਬਿਖ ਨਿਕਲਿਆ ਫੇਰ ਭੀ ਨਹੀਂ ਹਾਰੇ,
ਛੱਡ ਬੈਠੇ ਨ ਜ਼ਹਿਰ ਦਾ ਖੌਫ਼ ਖਾਏ।
ਜਦ ਤਕ ਅੰਮ੍ਰਤ ਨ ਉਨ੍ਹਾਂ ਨੇ ਕੱਢ ਲੀਤਾ,
ਲਾਈ ਜ਼ੋਰ ਗਏ, ਗਏ ਜ਼ੋਰ ਲਾਏ।
ਇਸਤੋਂ ਸਿੱਧ ਹੈ ਧੀਰਜੀ ਅਰਥ ਅਪਨਾ,
ਬਿਨਾਂ ਸਿੱਧ ਕੀਤੇ ਨਹੀਂ ਭੱਜ ਜਾਏ!

੮੨. ਕਾਮਯਾਬੀਆਂ ਜਿਨ੍ਹਾਂ ਨੇ ਲੈਣੀਆਂ ਹਨ,
ਜਿਨ੍ਹਾਂ ਕੰਮ ਨੂੰ ਸਿਰੇ ਚੜ੍ਹਾਵਨਾ ਹੈ।
ਦੁੱਖ ਸੁੱਖ ਦੀ ਕਰਨ ਪਰਵਾਹ ਨਾਹੀਂ,
ਧਜਾਨ ਕੰਮ ਵਿਚ ਉਨ੍ਹਾਂ ਲਗਾਵਣਾ ਹੈ।
ਕਦੇ ਸੌਣ ਭੁੰਞੇ, ਕਦੇ ਪਲੰਘ ਪੈਂਦੇ,
ਕਦੇ ਸਾਗ ਖਾ ਝੱਟ ਲੰਘਾਵਣਾ ਹੈ।
ਕਦੇ ਚੌਲ[2] ਪੁਲਾ, ਤੇ ਕਦੇ ਗੁਦੜੀ,
ਕਦੇ ਕੱਪੜੇ ਸੂੱਛ ਹੰਢਾਵਣਾ ਹੈ।

---

੧. ਅਰਥ ਸਪਸ਼ਟ ਕਰਨ ਲਈ ਇਹ ਸਤਰ ਪਾਈ ਗਈ ਹੈ!

੨. ਸਾਲੀ ਚ਼ਾਵਲ।

Sri Satguru Jagjit Singh Ji eLibrary NamdhariElibrary@gmail.com

੮੩. ਐਸ਼੍ਵਰਜ ਦਾ ਗਹਿਣਾ 'ਭਲਜਾਈ ਕਰਨੀ',
ਗਹਿਣਾ ਸੂਰਮੇਂ ਦਾ 'ਸੰਜਮ ਵਾਕ ਬੋਲੇ'।
ਗਹਿਣਾ ਗਜਾਨ ਦਾ 'ਸ਼ਾਂਤਿ' ਵਿਚ ਵਰਤਣਾ ਜੇ,
ਸ਼ਾਸਤ੍ਰ ਪੜ੍ਹਨ ਦਾ 'ਬੇਨਤੀ' ਮੁਖੋਂ ਤੋਲੇ।
ਧਨ ਦਾ ਗਹਿਣਾ ਜੇ 'ਪਾਤ੍ਰ ਨੂੰ ਦਾਨ ਦੇਣਾ',
ਗਹਿਣਾ ਤਪਾਂ ਦਾ ਕ੍ਰੋਧ ਨਾ ਆਇ ਕੋਲੇ'।
'ਖਿਮਾਂ' ਪ੍ਰਭੁਤਾ ਦਾ ਭੂਖਣ ਹੈ ਜਾਣ ਲੈਣਾ,
ਧਰਮ ਧਾਰਨ ਦਾ 'ਨਿਰਛਲਾ ਹੋਣ' ਭੋਲੇ।
ਕਾਰਣ ਸਾਰਿਆਂ ਗੁਣਾਂ ਦਾ ਜਾਣ ਗਹਿਣਾ
ਇਕੋ 'ਸ਼ੀਲ*' ਹੈ; ਸ਼ੀਲ ਬਿਨ ਸਭੀ ਪੋਲੇ॥

੮੪. ਦੌਲਤ ਆਵੇ ਤੇ ਭਾਵੇਂ ਨਿੱਜ ਆਵੇ,
ਭਾਵੇਂ ਆਇਕੇ ਕਿਤੇ ਨੂੰ ਚਲੀ ਜਾਵੇ।
ਨੀਤੀ ਵਾਲੜੇ ਕਰਨ ਆ ਨਿੰਦਿਆ ਹੀ,
ਚਾਹੇ ਉਸਤੁਤੀ ਉਨ੍ਹਾਂ ਤੋਂ ਮਿਲੀ ਜਾਵੇ।
ਪ੍ਰਾਣ ਜਾਣ ਚਾਹੇ ਅੱਜ ਛੱਡ ਚੋਲਾ,
ਚਾਹੇ ਜੁਗਾਂ ਤਕ ਦੇਹ ਏ ਪਲੀ ਜਾਵੇ।
ਪਰ ਨ ਧੀਰਜੀ ਨਜਾਯ ਦਾ ਰਾਹ ਛੱਡਣ,
ਨਜਾਇ ਅੰਸ਼ ਨਾ ਉਨ੍ਹਾਂ ਦੀ ਛਲੀ ਜਾਵੇ।

੮੫. ਇੱਕ ਸੱਪ ਸੀ ਪਿਆ ਪਿਟਾਰ ਅੰਦਰ,
ਭੁੱਖ ਦੁੱਖ ਤੇ ਤ੍ਰੇਹ ਦਾ ਮਾਰਿਆ ਈ।
ਕਿਸੇ ਚੂਹੇ ਨੇ ਰਾਤ ਪਿਟਾਰ ਟੁੱਕਜਾ,
ਅੰਦਰ ਵੜੇ ਨੂੰ ਸੱਪ ਪ੍ਰਹਾਰਿਆ ਈ।

---

* ਨੇਕ ਚਾਲ ਚਲਣ, ਇਖ਼ਲਾਕ, ਸਦਾਚਾਰ।

Sri Satguru Jagjit Singh Ji eLibrary NamdhariElibrary@gmail.com

ਚੂਹਾ ਖਾਇਕੇ ਰੱਜਿਆ ਸੱਪ ਭਾਈ,
ਓਸੇ ਰਸਤਿਓਂ ਬਾਹਰ ਓ ਆਇਆ ਈ।
ਲੋਕੋ! ਦੇਖਣਾ ਬੰਦੇ ਦੇ ਦੁੱਖ ਸੁੱਖ ਦਾ,
ਕਾਰਨ ਰੱਬ ਹੀ ਸੱਭ ਬਣਾਇਆ ਈ।

੮੬. ਹੱਥੀ ਭੁੰਜੇਂ ਪਟਕੀਏ, ਗੇਂਦ ਉਤ੍ਹਾਂ ਝਟ ਆਇ।
ਕਰਨੀ ਵਾਲੇ ਸਾਧ ਦੀ[1] ਵਿਪਤਾ ਝਟ ਮੁਕ ਜਾਇ[2]

੮੭. ਆਲਸ ਵਰਗਾ ਸ਼ੱਤਰੂ
ਹੋਰ ਨ ਏਸ ਸ਼ਰੀਰ।
ਉੱਦਮ ਜਿਹਾ ਨ ਸਾਕ ਹੈ
ਜੋ ਹਰਦਾ ਸਭ ਪੀੜ[3]।

੮੮. ਛਾਂਗਿਆ ਜਾਵੇ ਬ੍ਰਿੱਛ ਚਹਿ,
ਫਿਰ ਉਗ ਫੈਲ ਫੈਲਾਇ।
ਨਿੱਕਾ ਹੋ ਕੇ ਚੰਦ੍ਰਮਾਂ
ਫਿਰ ਪੂਰਨ ਹੋ ਜਾਇ।
ਏ ਗੱਲ ਸੋਚ ਵਿਚਾਰਕੇ,
ਦਾਨੇ ਨਾ ਘਬਰਾਣ।
ਜਦੋਂ ਉਨ੍ਹਾਂ ਨੂੰ ਜਗਤ ਵਿਚ,
ਵਿਪਦਾ ਘੇਰੇ ਆਨ॥

---

੧. ਸਾਧੂ ਬ੍ਰਿਤੀ ਵਾਲੇ ਦੀ।
੨. ਬਾਜ਼ੇ ਨੁਸਖ਼ਿਆਂ ਵਿਚ ਇਹ ਸ਼ਲੋਕ ੧੦੪ਵਾਂ ਹੈ।
੩. ਉੱਦਮ ਕਰਕੇ ਤਬਾਹ ਨਹੀਂ ਹੁੰਦਾ ਜਾਂ ਪਛੁਤਾਣਾ ਨਹੀਂ ਪੈਂਦਾ ਭੀ ਅਰਥ ਹਨ।

Sri Satguru Jagjit Singh Ji eLibrary NamdhariElibrary@gmail.com

## ਦੈਵ ਪ੍ਰਸ਼ੰਸਾ

੮੯. ਜਿੱਥੇ ਮੰਤਰੀ ਬ੍ਰਹਸਪਤੀ ਹੋਇ ਦਾਨਾ,
ਸ਼ਸਤ੍ਰ ਬੱਜ੍ਰ ਵਰਗਾ ਜਿੱਥੇ ਪਾਸ ਭਾਈ!
ਦਿਉਤਿਆਂ ਜੇਹੇ ਜੋਧੇ ਜਿੱਥੇ ਪਾਸ ਹੋਵਨ,
ਸ੍ਵਰਗ ਜਿਹਾ ਹੋ ਕੋਟ ਜਿਸ ਪਾਸ ਆਈ।
ਹਾਥੀ ਹੋਇ ਐਰਾਵਤੀ ਚੜ੍ਹਨ ਜੋਗਾ;
ਕਿਰਪਾ ਵਿਸ਼ਨੂੰ ਭਗਵਾਨ ਜੀ ਨਾਲ ਲਾਈ।
ਹੁੰਦੇ ਸੁੰਦਿਆਂ ਏਡ ਐਸ਼੍ਵਰਜ ਦੇ ਜੀ
ਇੰਦਰ ਵੈਰੀਆਂ ਤੋਂ ਜੁੱਧ ਹਾਰਿਆ ਈ;
ਤਾਂਤੇ ਧ੍ਰਿਗ ਹੈ ਸਾਡੇ ਪੁਰਖਾਰਥਾਂ ਨੂੰ,
ਇਨ੍ਹਾਂ ਵਜਰਥ ਹੀ ਵਜਰਥ ਹੀ ਜਾਵਣਾ ਈ।
ਇੱਕੋ ਰੱਬ ਹੀ ਸ਼ਰਣ ਦੇ ਜੋਗ ਹੈ ਵੇ;
[1]ਸਦਾ ਰੱਬ ਦੀ ਸ਼ਰਣ ਰਹਾਵਣਾ ਈ।

੯੦. ਭਾਵੇਂ ਫਲ ਕਰਮਾਂ ਦਾ ਪਾਈਏ,
ਬੁਧਿ ਭੀ ਕਰਮ ਅਨੁਸਾਰੀ।
ਤਾਂ ਭੀ ਸਜਾਣੇ ਜੋ ਕੁਝ ਕਰਦੇ,
ਕਰਦੇ ਸੋਚ ਵਿਚਾਰੀ।

੯੧. ਗੰਜਾ ਗਿਆ ਧੁੱਪੇ ਧੁੱਪ ਸੇਕਣੇ ਨੂੰ[2]
ਖੂਬ ਓਸਦੀ ਧੁੱਪ ਨੇ ਟਿੰਡ ਤਾਈ।
'ਮਾਉਂ ਮਾਉਂ' ਫਿਰ ਛਾਉਂ ਨੂੰ ਆਖਦਾ ਓ,
ਤਾੜ ਬਿਰਛ ਹੇਠਾਂ ਭੱਜਾ ਆਂਵਦਾ ਈ।

---

੧. ਵਾਧੂ
੨. ਵਧੇਰੇ ਸੁਤੰਤਰ ਉਲਥਾ ਹੈ।

Sri Satguru Jagjit Singh Ji eLibrary NamdhariElibrary@gmail.com

ਉੱਤੋਂ ਤਾੜ ਗੋਲਾ* ਹੇਠ ਡਿੱਗਿਆ ਈ,
ਵੱਜਾ ਆਨਕੇ ਟਿੰਡ ਕੜਾਕ ਭਾਈ।
ਜਿੱਥੇ ਜਾਇ ਅਭਾਗ ਖਲੋਂਵਦਾ ਈ,
ਨਾਲੋ ਨਾਲ ਉਸਦੇ ਬਿਪਤਾ ਜਾਵਣਾ ਈ।

੯੨. ਹਾਥੀ ਵਰਗੇ, ਸੱਪਾਂ ਵਰਗੇ,
ਕੈਦ ਪਏ ਦਿਸ ਆਵਣ।
ਸੂਰਜ ਵਰਗੇ ਚੰਦਾਂ ਵਰਗੇ,
ਗ੍ਰਹਿਣ ਪੀੜ ਪਏ ਪਾਵਣ।
ਚਾਤੁਰ ਅਕਲਾਂ ਵਾਲੇ ਕੇਈ,
ਗ੍ਰੀਬ ਕੰਗਲੇ ਦਿੱਸਣ।
ਸਭ ਤੋਂ ਬਲੀ ਵਿਧਾਤਾ, ਭਾਈ
ਖਜਾਲ ਅਸਾਂ ਏ ਆਵਣ॥

੯੩. ਸਰਬ ਗੁਣਾਂ ਦੀ ਖਾਣ, ਧਰਤੀ ਦਾ ਭੂਸ਼ਣ ਰਤਨ
ਰਚੇ ਮਨੁੱਖ ਸੁਜਾਨ, ਦੇਖੋ ਬ੍ਰਹਮਾ ਚਾਤੁਰੀ!
ਐਪਰ ਮਰਨੇ ਹਾਰ, ਛਿਨਭੰਗਰ ਦੇਹੀ ਰਚੇ,
ਸ਼ੋਕ ਸ਼ੋਕ ਹੇ ਯਾਰ, ਏ ਬ੍ਰਹਮਾਂ ਦੀ ਚਾਤੁਰੀ!

੯੪. ਪੱਤੇ ਪੈਣ ਕਰੀਰ ਨੂੰ ਨਹੀਂ ਜੇ ਕਰ,
ਦੋਸ਼ ਨਹੀਂ ਬਸੰਤ ਦਾ, ਆਖੀਏ ਜੀ!
ਉੱਲੂ ਦਿਨੇਂ ਜੇਕਰ ਨਹੀਂ ਵੇਖਦਾ ਹੈ,
ਦੋਸ਼ੀ ਸੂਰਜ ਨੂੰ ਕਦੀ ਨ ਭਾਖੀਏ ਜੀ।

---

* ਤਾੜ ਦਾ ਫਲ।

Sri Satguru Jagjit Singh Ji eLibrary NamdhariElibrary@gmail.com

ਸ੍ਵਾਂਤੀ ਬੂੰਦ ਜੇ ਚਾਤ੍ਰਿਕ ਮੂੰਹ ਪਵੇ ਨਾਹੀਂ,
ਦੋਸ਼ ਬੱਦਲਾਂ ਦਾ ਨਹੀਂ ਲਾਖੀਏ ਜੀ।
ਲਿਖਿਆ ਧੁਰੋਂ ਵਿਧਾਤਾ ਦਾ ਕੌਣ ਮੇਟੇ,
[1]ਮੱਥੇ ਲਿਖੇ ਜੋ ਲੇਖ, ਸੋ ਸਾਖੀਏ ਨੀ।

## ਕਰਮ ਪ੍ਰਸੰਸਾ

੯੫. ਦਿਲਾ! ਦੇਉਤਿਆਂ ਤਈਂ ਤੂੰ ਟੇਕ ਮੱਥਾ,
ਪਰ ਹਨ ਦੇਉਤੇ ਵਿਧੀ[2] ਅਧੀਨ ਸਾਰੇ।
ਤਾਂਤੇ ਟੇਕ ਵਿਧਾਤਾ ਨੂੰ ਦਿਲਾ! ਮੱਥਾ,
ਐਪਰ ਵਿਧੀ ਨ ਕਰਮ ਬਿਨ ਕੁੱਝ ਸਾਰੇ[3]।
ਜਦੋਂ ਕਰਮਾਂ ਦੇ ਵੱਸ ਫਲ ਵਿਧੀ ਦੇਵੇਂ,
ਫਲ ਕਰਮਾਂ ਦਾ ਸਕੇ ਨ ਕੁਈ ਟਾਰੇ;
ਤਾਂਤੇ ਕਰਮਾਂ ਨੂੰ ਸੀਸ ਨਿਵਾਈਏ ਜੀ,
ਜਿਨ੍ਹਾਂ ਸਾਮ੍ਹਣੇ ਦੇਵਤੇ ਵਿਧੀ ਹਾਰੇ॥

੯੬. ਓਸ ਕਰਮ ਨੂੰ ਸੀਸ ਨਿਵਾਂਦੇ ਹਾਂ
ਜਿਸਨੇ ਅਸਰ ਹੇਠਾਂ ਬ੍ਰਹਮਾਂ ਲਾਇਆ ਏ,
ਬੈਠਾ ਵਿਚ ਬ੍ਰਹਮਾਂਡ ਦੇ ਪੇਟ ਅੰਦਰ,
ਕੰਮ ਕਰੇ ਘੁਮਿਆਰ ਜਿਉ ਆਇਆ ਏ।
ਜਿਸਨੇ ਵਿਸ਼ਨੂੰ ਨੂੰ ਲੈਣ ਅਵਤਾਰ ਦਸ ਦਾ
ਸੰਕਟ ਵੱਡਾ ਇਹ ਆਨ ਕੇ ਪਾਇਆ ਏ।

---

੧. ਵਾਧੂ।
੨. ਵਿਧਾਤਾ।
੩. ਵਿਧੀ ਕਰਮ ਅਨੁਸਾਰ ਫਲ ਦੇਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਜਿਸਨੇ ਸ਼ਿਵਾਂ ਦੇ ਹਥ ਵਿਚ ਖੋਪਰੀ ਦੇ
ਦਰ ਦਰ ਮੰਗਣ ਤੇ ਪਿੰਨਣ ਚੜ੍ਹਾਇਆ ਏ।
ਜਿਸਨੇ ਸੂਰਜ ਨੂੰ ਚੱਕ੍ਰ ਵਿਚ ਪਾਇਆ ਏ,
ਦਿਨੇ ਰਾਤ ਹੀ ਘੁੰਮ ਘੁਮਾਇਆ ਏ।

੯੭. ਤੇਰੀ ਸੁੰਦਰਤਾ ਨੇ ਕੁਝ ਸਾਰਨਾ ਨਾਂ,
ਕੁਲ, ਸ਼ੀਲ ਤੇ ਵਿੱਦਜਾ ਬਨਾਵਨਾ ਕੀ?
ਬੜੇ ਜਤਨ ਦੇ ਨਾਲ ਜੋ ਸੇਵ ਕੀਤੀ
ਉਸੇ ਸੇਵ ਨੇ ਹਈ ਦਿਵਾਵਨਾ ਕੀ?
ਪੂਰਬ ਜਨਮ ਦੇ ਸੰਚੇ ਤਪੱਸਜਾ ਦੇ
ਭਾਗ ਆਣ ਏਥੇ ਫਲ ਲਾਵਨਾ ਹੀ।
ਜਿਵੇਂ ਬ੍ਰਿੱਛ ਵਿਚ ਪੂਰਬਲੇ ਅਸਰ ਹੁੰਦੇ,
ਫਲਕੇ ਸਮੇਂ ਸੇਤੀ ਫਲ ਲਜਾਵਨਾ ਹੀ॥

੯੮. ਬਨਾਂ ਵਿਚ, ਰਣਾਂ ਵਿਚ, ਵੈਰੀ ਸੰਦੇ ਦਲਾਂ ਵਿਚ,
ਅੱਗ ਵਿਚ, ਜਲਾਂ ਵਿਚ, ਵਿਚ ਮਹਾਂ ਸਮੁੰਦਰੀਂ।
ਨੀਂਦ ਵਿਚ ਸੁੱਤਿਆਂ ਤੇ ਹੋਇਆਂ ਅਚੇਤ ਭਾਈ,
ਸੰਕਟ ਜੋ ਪੈਣ ਸ਼ਿਖ੍ਰ ਪਰਬਤ ਤੇ ਕੰਦਰੀਂ।
ਜਦੋਂ ਚਿੱਤ ਸ੍ਰਸਥ ਨਹੀਂ ਸਾਵਧਾਨ ਰਹੇ ਨਾਹੀਂ,
*ਬਿਖੜੀ ਅਵਸਥਾ ਆਵੇ ਰੋਗੀ ਦੇਹੀ ਸੁੰਦਰੀ।
ਪੂਰਬ ਜਨਮ ਵਿਚ ਕੀਤੇ ਜੇੜ੍ਹੇ ਪੁੰਨ ਜੀਵ,
ਓਹੋ ਆਨ ਰੱਖਜਾ ਕਰਨ* ਹੋਰ ਰਖਜਾ ਧੁੰਦਰੀ।

---

* ਵਾਧੂ।

Sri Satguru Jagjit Singh Ji eLibrary NamdhariElibrary@gmail.com

੯੯. ਹੋਰ ਦੇਵੀਆਂ ਕਾਸਨੂੰ ਪੂਜਦੇ ਹੋ,
ਸ਼ੁਭ ਕਰਨੀ ਦੀ ਭਗਵਤੀ ਪੂਜ ਸਾਧੋ।
ਜੇੜ੍ਹੀ ਬੁਰਿਆਂ ਨੂੰ ਸਾਧ ਬਣਾ ਦੇਂਦੀ,
ਪੰਡਤ ਕਰੇ ਜੋ ਹੋਂਵਦੇ ਮਿਟੀ ਮਾਧੋ।
ਵਿਖ ਕਰੇ ਅੰਮ੍ਰਿਤ, ਗੁਪਤ ਕਰੇ ਪਰਗਟ,
ਸਾਧੋ ਭਗਵਤੀ ਹੀ ਉਹ ਸਦ ਅਰਾਧੋ[1]।
ਜੇੜ੍ਹੇ ਵੈਰੀਆਂ ਯਾਰ ਬਨਾ ਦੇਂਦੀ,
ਸੇਵੋ ਏਸ ਨੂੰ, ਸੁਖ ਜੇ ਚਹੋ ਲਾਧੋ।

੧੦੦. ਕੰਮ ਜੇੜ੍ਹਾ ਕਰਨਾ ਲੋੜੇ ਜੋਗ ਕਿ ਅਜੋਗ ਹੋਵੇ,
ਕਰਨ ਹਾਰੇ ਪੰਡਤ ਨੂੰ ਵਿਚਾਰ ਪਹਿਲੋਂ ਚਾਹੀਏ।
"ਅੰਤ ਏਸ ਗੱਲ਼ ਦਾ ਪ੍ਰਣਾਮ ਕੀ ਕੁਛ ਹੋਵਸੀ"
ਪ੍ਰਣਾਮ ਦਾ ਵਿਚਾਰ ਏ ਸਦਾ ਹੀ ਪਹਿਲੋਂ ਆਹੀਏ।
ਕਾਲ੍ਹੀ ਬਾਲ੍ਹੀ ਨਾਲ ਜੇੜ੍ਹੇ ਕੰਮ ਕੀਤੇ ਜਾਣ ਭਾਈ,
ਓਹਨਾਂ ਦੇ ਫਲ ਨੂੰ ਅਸੀਂ ਕੰਡਾ ਪਏ ਬਨਾਈਏ।
ਓਹੋ ਕੰਡਾ ਰੜਕਵਾਂ ਰੜਕੇਗਾ ਸਦਾ ਸਦਾ,
ਸੁਆਸਾਂ ਦੇ ਅੰਤ ਤਾਈਂ ਚੋਭ ਪਏ ਪਾਈਏ।

੧੦੧. ਭਾਂਡੇ ਜੜਾਊ[1] ਵਿਚ ਲਸਨ[2] ਪਾ ਰਿੰਨ੍ਹੇ ਕੋਈ,
ਹੇਠਾਂ ਬਾਲਣ ਚੰਦਨ ਦਾ ਪਿਆ ਹੋਵੇ ਬਾਲਦਾ।
ਸੋਨੇ ਦਾ ਹੱਲ ਜੇ ਬਣਾਇ ਕੋਈ ਧਰਤ ਵਾਹੇ,
ਅੱਕ ਦੀਆਂ ਜੜ੍ਹਾਂ ਖਾਤਰ ਅੱਕ ਲਾ ਲਾ ਪਾਲਦਾ।

---

੧. ਵੈਦੂਰਯ ਮਣੀ ਦੇ ਭਾਂਡੇ ਵਿਚ।
੨. ਅਕਸਰ ਥਾਈਂ ਲਸਨ ਦੀ ਥਾਂ ਤਿਲਕਣੀ ਲਿਖਯਾ ਹੈ।

Sri Satguru Jagjit Singh Ji eLibrary NamdhariElibrary@gmail.com

ਵੱਢਕੇ ਕਪੂਰ ਬ੍ਰਿਛ ਕੋਈ ਜੇ ਬਨਾਵੇ ਵਾੜ,
ਕੋਧ੍ਰੇ ਦੀ ਫਸਲ ਦੇ ਉਦਾਲੇ ਲਾ ਸੰਭਾਲਦਾ।
ਐਸਾ ਮੂਰਖ ਜਾਣਨਾਂ ਜੋ ਆਕੇ ਏਸ ਕਰਮ ਭੂਮ,
ਘਾਲ ਨਹੀਂ ਕਰਦਾ ਤੇ ਤਪ ਨਹੀਂ ਜੇ ਘਾਲਦਾ॥

੧੦੨. ਚਾਹੇ ਛਾਲ ਮਾਰੋ ਵਿਚ ਸਾਗਰੇ ਜ਼ਾ,
ਚਾਹੇ ਚੜ੍ਹੋ ਸੁਮੇਰ ਦੇ ਸ਼ਿਖਰ ਜਾਈ।
ਚਾਹੇ ਘੋਰ ਸੰਗ੍ਰਾਮ ਵਿਚ ਜਿਤੋ ਵੈਰੀ,
ਖੇਤੀ ਕਰੋ, ਸੇਵਾ, ਚਾਹੇ ਹੱਟ ਪਾਈ।
ਸਾਰੀਆਂ ਵਿਦਜਾ ਤੇ ਚਾਹੇ ਹੁਨਰ ਸਿੱਖੋ,
ਪੰਛੀ ਵਾਂਗ ਉੱਡੋ ਅੰਬਰ, ਜ਼ੋਰ ਲਾਈ।
ਜਿਹੜਾ ਨਹੀਂ ਹੋਣਾ ਓਹੋ ਨਹੀਂ ਹੋਣਾ,
ਕਰਮ ਵੱਸ, ਹੋਣੀ ਸੋ ਨਾਂ ਟਲੇ ਭਾਈ॥

੧੦੩. ਜੰਗਲ ਬੀਆਬਾਨ ਬਨੇਗਾ
ਉਸਨੂੰ ਨਗਰ ਸੁਹਾਵਾ।
ਸੱਤ ਓਪ੍ਰਾ[1] ਆ ਯਾਰ ਬਨੇਗਾ,
ਕਰ ਮਿਤਰਾਈ ਦਾਵਾ।
ਧਰਤੀ ਸਾਰੀ ਰਤਨਾਂ ਵਾਲੀ
ਓਸ ਲਈ ਬਨ ਜਾਂਦੀ।
ਪੂਰਬ ਪੁੰਨ ਜਿਹਦਾ ਹੈ ਬਹੁਤਾ -
[2]ਹਰਿਆ ਹਰਿਆ ਸਾਵਾ॥

---

੧. ਇਕ ਇਕ ਸਤਰ ਵਿਚ ਪ੍ਰਸ਼ਨ ਹੈ ਤੇ ਦੂਈ ਦੂਈ ਵਿਚ ਉੱਤਰ।
੨. ਸਫਰ ਨਾ ਜਾਣਾ।

Sri Satguru Jagjit Singh Ji eLibrary NamdhariElibrary@gmail.com

# ਰਲੇ ਮਿਲੇ

੧੦੪. [1]ਕਿਸਨੂੰ ਲਾਭ ਕਹੋ ਹੇ ਭਾਈ?
ਗੁਣੀਆਂ ਦੀ ਜੋ ਸੰਗਤ।

ਕਿਸਨੂੰ ਦੁੱਖ ਕਹੋ ਹੇ ਭਾਈ?
ਬੈਠਣ ਮੂਰਖ ਪੰਗਤ।

ਕਿਸਨੂੰ ਘਾਟਾ ਕਹਿੰਦੇ ਸਜਾਣੇ?
'ਵੇਲੇ ਸਿਰ ਚੁਕ ਜਾਣਾ'।

ਕਿਸਨੂੰ ਕਹਿਣ 'ਨਿਪੁਨ ਹੋ ਜਾਣਾ'?
ਪਜਾਰ ਧਰਮ ਸੰਗ ਲਾਣਾ।

ਕਿਸਨੂੰ ਕਹੀਏ ਬੀਰ ਬਹਾਦੁਰ?
ਇੰਦ੍ਰੇ ਜਿਸ ਵੱਸ ਪਾਏ।

ਤੀਮੀ ਪਜਾਰੀ ਕਿਹੜੀ ਕਹੀਏ?
ਪਤਿ ਅਨਕੂਲ ਸੁਹਾਏ॥

ਕਿਸਨੂੰ 'ਸੁੱਖ' ਕਹੋ ਹੇ ਸੱਜਨ?
ਦੇਸ਼ ਆਪਣਾ ਮੱਲੇ[2]

ਕਿਸਨੂੰ 'ਰਾਜ' ਸਿਆਣੇ ਕਹਿੰਦੇ?
ਆਗਜਾ ਅਪਣੀ ਚੱਲੇ।

ਧਨ ਕਿਸਨੂੰ ਹਨ ਕਹਿੰਦੇ ਭਾਈ?
'ਵਿਦਜਾ' ਜਿਸਨੂੰ ਕਹਿੰਦੇ।

ਪੁਤਰ ਕਿਸਨੂੰ ਕਹਿਣਾ ਚਹੀਏ?
ਜੋ ਆਗਜਾ ਵਿਚ ਰਹਿੰਦੇ॥

---

੧. ਅਰਥ ਸਪਸ਼ਟ ਕਰਨ ਲਈ ਇਹ ਸਤਰ ਪਾਈ ਗਈ ਹੈ।

੨. ਸਾਲੀ ਚਾਵਲ।

Sri Satguru Jagjit Singh Ji eLibrary NamdhariElibrary@gmail.com

੧੦੫. ੩੩ ਸ਼ਲੋਕ ਤੇ ੧੦੫ ਇਕੋ ਹਨ, ਉਥੇ 'ਫੁਲਾਂ ਦੇ ਗੁੱਛੇ ਸਮਾਨ' ਤੇ ਏਥੇ 'ਮਾਲਤੀ ਦੇ ਫੁਲ ਸਮਾਨ' ਪਾਠ ਹੈ। ਕਿਤੇ ੮੬ ਵਾਂ ਸ਼ਲੋਕ ਏਸ ਥਾਂ ਦਿੱਤਾ ਹੈ।

੧੦੬. ਕੌੜੇ ਵਾਕ ਬੋਲਣੋਂ ਕੰਗਲੇ,
ਬੋਲਣ ਬਚਨ ਰਸਾਲੀ[੧]।
ਵਹੁਟੀ ਅਪਣੀ ਨਾਲ ਸੰਤੋਖੀ,
ਪਰ ਨਿੰਦਾ ਤੋਂ ਖਾਲੀ।
ਐਸੇ ਸੱਜਨ ਨਹੀਂ ਘਨੇਰੇ,
ਵਿਰਲੇ ਹਨ ਗੇ, ਭਾਈ।
ਕਿਤੇ ਕਿਤੇ ਹੈ ਨਾਲ ਇਨ੍ਹਾਂ ਦੇ
ਧਰਤੀ ਸ਼ੋਭ ਸੁਹਾਈ॥

੧੦੭. ਉੱਚੀ ਉਠਸੀ ਲਾਟ,
ਉਲਟਾਓ ਅਗ ਬਲ ਰਹੀ।
ਧੀਰਜ ਹੋਇ ਨ ਘਾਟ,
ਕਲੇਸ਼ ਪਏ ਆ ਧੀਰਜੀ[੩]।

੧੦੮. ਬਾਣ ਨੈਣਾਂ ਦੇ ਸੁਹਣੀਆਂ ਵਾਲੜੇ ਜੋ
ਨਹੀਂ ਚੀਰਦੇ ਜਿਨ੍ਹਾਂ ਦੇ ਚਿੱਤ ਤਾਂਈਂ :
ਅੱਗ ਕ੍ਰੋਧ ਦੀ ਸਾੜਵੀਂ ਲਾਟ ਡਾਢੀ;
ਨਹੀਂ ਬਾਲਦੀ ਜਿਨ੍ਹਾਂ ਦੇ ਰਿਦੇ ਭਾਈ।

---

੧. ਮਿਠੇ ਵਾਕ ਬੋਲਣ ਵਿਚ ਧਨੀ ਹਨ।

੨. ਵਧ।

੩. ਧੀਰਜੀ ਸੁਭਾ ਨੂੰ ਕਲੇਸ਼ ਮੇਟ ਨਹੀਂ ਸਕਦਾ।

Sri Satguru Jagjit Singh Ji eLibrary NamdhariElibrary@gmail.com

ਇੰਦ੍ਰੀ ਵਿਸ਼ਜਾਂ ਦੇ ਸੁਆਦ ਨੇ ਜਿਨ੍ਹਾਂ ਤਾਂਈਂ
ਦਿਲ ਨੂੰ ਪਾ ਫਾਹੀ ਨਾ ਘਸੀਟਿਆ ਈ।
ਓਹੋ ਆਖੀਏ 'ਧੀਰ' ਤੇ 'ਧੀਰਜੀ' ਜੀ,
ਤਿੰਨਾਂ ਲੋਕਾਂ ਨੂੰ ਉਹਨਾਂ ਨੇ ਜਿੱਤਿਆ ਈ।

੧੦੯. ਇੱਕੋ ਸੂਰਾ ਸਾਰੀ ਧਰਤੀ,
ਪੈਰ ਹੇਠ ਦਬ ਵੱਸ ਕਰ ਲੈਂਦਾ।
ਇੱਕੋ ਸੂਰਜ ਤੇਜ ਪ੍ਰਤਾਪੀ,
ਮਾਰ ਕਿਰਨ ਜਗ ਚਾਨਣ ਦੇਂਦਾ[੧]।

੧੧੦. ਜੱਗ ਮੋਹਨ ਵਾਲਾ 'ਸ਼ੀਲ[੨]' ਆਖਦੇ ਜਿਸ;
ਹੋਵੇ ਕਿਸੇ ਦੇ ਅੰਗ ਸਮਾਇਆ ਜੇ।
ਉਸਨੂੰ ਅੱਗ ਨੇ ਪਾਣੀ ਹੋ ਜਾਵਣਾ ਜੇ,
ਸਾਗਰ, ਨਦੀ ਨਿੱਕੀ ਹੋ ਆਇਆ ਜੇ।
ਮੇਰੂ ਪਰਬਤ ਇਕ ਵੱਟੇ ਸਮਾਨ ਲੱਗੇ,
ਸ਼ੇਰ ਹਰਨ ਜਿਉਂ ਨਰਮ ਬਨ ਆਇਆ ਜੇ।
ਸੱਪ ਓਸਨੂੰ ਫੁਲਾਂ ਦੀ ਮਾਲ ਬਣਦਾ,
ਰਸ ਜ਼ਹਿਰ ਨੇ ਅੰਮ੍ਰਤ ਬਰਖਾਇਆ ਜੇ॥

---

੧. 'ਪਾਦ' ਸੰਸਕ੍ਰਿਤ ਵਿਚ ਪੈਰ (ਭਾਵ ਬਲ) ਨੂੰ ਭੀ ਕਹਿੰਦੇ ਹਨ ਤੇ 'ਕਿਰਣਾ' ਨੂੰ ਭੀ ਕਹਿੰਦੇ ਹਨ। ਕਟਾਖਜ 'ਪਦ' ਉਤੇ ਹੈ। ਸੂਰਜ ਤੇ ਸੂਰਮਾਂ ਦੋਵੇਂ ਧਰਤੀ ਨੂੰ ਇਕੱਲਿਆਂ 'ਪਦਾਂ' (ਪੈਰਾਂ ਕਿਰਨਾਂ) ਨਾਲ ਵਸ ਕਰ ਲੈਂਦੇ ਹਨ।

੨. ਆਚਰਨ।

Sri Satguru Jagjit Singh Ji eLibrary NamdhariElibrary@gmail.com

੧੧੧. ਸੱਚ ਵਾਲੇ, ਤੇਜ ਵਾਲੇ, ਸੱਚੇ ਤੇਜੱਸ੍ਵੀ ਜੋ
ਜਿੰਦ ਦੇਂਦੇ ਸੌਖ ਨਾਲ ਪ੍ਰਤੱਗਜਾ* ਨਹੀਂ ਹਾਰਦੇ

ਪਾਲਨ ਪ੍ਰਤੱਗਜਾ ਜੇੜ੍ਹੀ ਦੇਂਦੀ ਗੁਣ 'ਲਾਜ' ਵਾਲਾ,
ਹੋਰ ਗੁਣ ਦੇਂਦੀ, ਜੇੜ੍ਹੇ ਵਿੱਚ ਸੰਸਾਰ ਦੇ।

ਸਾਫ ਸ਼ੁਧ ਰਿਦੇ ਵਾਲੀ ਮਾਤਾ ਵਾਂਗ ਪ੍ਰਤੱਗਜਾ ਦੇ,
ਸੱਚੇ ਤੇਜੱਸ੍ਵੀ ਹਨ ਟੁਰਦੇ ਅਨੁਸਾਰ ਜੇ।

ਪਾਲਦੇ ਪ੍ਰਤੱਗਜਾ ਤੇ ਸੇਂਵਦੇ ਹਨ ਮਾਤਾ ਤੁੱਲ,
ਪ੍ਰਤੱਗਜਾ ਨ ਤੋੜਦੇ ਏ ਪ੍ਰਾਣ ਅਪਣੇ ਵਾਰਦੇ।

-: ਇਤੀ :-

---

* ਇਕਰਾਰ, ਕੌਲ, ਬਚਨ।

Sri Satguru Jagjit Singh Ji eLibrary NamdhariElibrary@gmail.com